ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ ਜਨਵਰੀ 2021

ਕਿਸਾਨੀ ਸੰਘਰਸ਼ ਕਾਵਿ ਵਿਸ਼ੇਸ਼ ਅੰਕ

# ਪਰਵਾਸ

## ਧਰਤਿ ਵੰਗਾਰੇ ਤਖ਼ਤ ਨੂੰ

ਗੁਰਭਜਨ ਗਿੱਲ



ਪਰਵਾਸੀ ਸਾਹਿਤ ਅਧਿਐਨ ਕੇਂਦਰ

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ



ਕਾਲਜ ਦੇ ਅਧਿਆਪਕ ਕਿਸਾਨੀ ਅੰਦੋਲਨ
ਦੇ ਸਮਰਥਨ ਵਿਚ ਸਿੰਘੂ ਬਾਰਡਰ ਵਿਖੇ



# ਸਮਰਪਣ

ਪਰਵਾਸ ਦਾ ਇਹ ਵਿਸ਼ੇਸ਼ ਕਾਵਿ
ਅੰਕ ਉਹਨਾਂ ਯੋਧਿਆਂ ਨੂੰ
ਸਮਰਪਿਤ ਹੈ ਜੋ ਕਿਸਾਨੀ
ਸੰਘਰਸ਼ ਦੋਰਾਨ ਸ਼ਹੀਦ ਹੋ ਗਏ।

# ਪਰਵਾਸ

(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)


**ਮੁੱਖ ਸੰਪਾਦਕ**
ਡਾ. ਸ. ਪ. ਸਿੰਘ

**ਮੁੱਖ ਪ੍ਰਬੰਧਕ**
ਪ੍ਰਿੰ. ਡਾ. ਅਰਵਿੰਦਰ ਸਿੰਘ
ਡਾ. ਭੁਪਿੰਦਰ ਸਿੰਘ

**ਸੰਪਾਦਕ**
ਡਾ. ਤੇਜਿੰਦਰ ਕੌਰ
ਪ੍ਰੋ. ਸ਼ਰਨਜੀਤ ਕੌਰ

**ਉਪ-ਸੰਪਾਦਕ**
ਡਾ. ਗੁਰਪ੍ਰੀਤ ਸਿੰਘ
ਡਾ. ਹਰਪ੍ਰੀਤ ਸਿੰਘ ਦੂਆ

**ਸਹਿਯੋਗੀ (ਭਾਰਤ)**
ਪ੍ਰੋ. ਗੁਰਭਜਨ ਸਿੰਘ ਗਿੱਲ
+919872631199
ਪ੍ਰੋ. ਮਨਜੀਤ ਸਿੰਘ ਛਾਬੜਾ
+919815100791
ਡਾ. ਅੰਮ੍ਰਿਤਪਾਲ ਕੌਰ
+918146565014
ਡਾ. ਲਖਵਿੰਦਰ ਸਿੰਘ ਜੌਹਲ
+919417194812
ਡਾ. ਹਰਚੰਦ ਸਿੰਘ ਬੇਦੀ
+91872867377
ਡਾ. ਮੁਨੀਸ਼ ਕੁਮਾਰ
+917837901025

**ਸਹਿਯੋਗੀ (ਵਿਦੇਸ਼)**
ਸੁੱਖੀ ਬਾਠ (ਪੰਜਾਬ ਭਵਨ ਕੈਨੇਡਾ)
+16045064426
ਪ੍ਰੋ. ਸਰਬਜੀਤ ਸਿੰਘ (ਕੈਨੇਡਾ)
+16047658417
ਸਰਬਜੀਤ ਸੋਹੀ (ਆਸਟਰੇਲੀਆ)
+61410584302
ਬਲਵਿੰਦਰ ਸਿੰਘ ਚਾਹਲ (ਯੂ. ਕੇ.)
+447491073808
ਕੁਲਵਿੰਦਰ ਸਿੰਘ (ਅਮਰੀਕਾ)
+19253130281
ਮੋਹਨ ਗਿੱਲ (ਕੈਨੇਡਾ)
+17789080914

ਸਹਿ-ਸੰਪਾਦਕ (ਤਕਨੀਕੀ): ਰਜਿੰਦਰ ਸਿੰਘ +919465642568



**ਪਰਵਾਸੀ ਸਾਹਿਤ ਅਧਿਐਨ ਕੇਂਦਰ**
**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ**
**parvasggn@gmail.com, +9187290-80250,+9195010-27522**

# ਇਸ ਅੰਕ ਵਿਚ


**ਸੰਪਾਦਕੀ** — **ਡਾ. ਸ. ਪ. ਸਿੰਘ**

## ਕੈਨੇਡੀਅਨ ਕਵੀ... .ਗਜ਼ਲ/ਨਜ਼ਮ/ਗੀਤ

ਰਵਿੰਦਰ ਰਵੀ ਨਦੀਮ ਪਰਮਾਰ ਮੰਗਾ ਸਿੰਘ ਬਾਸੀ ਰਮਿੰਦਰ ਰੰਮੀ ਵਾਲੀਆ
ਪਾਲ ਢਿੱਲੋਂ ਕ੍ਰਿਸ਼ਨ ਭਨੋਟ ਚੰਦ ਸਿੰਘ ਸਦਿਉੜਾ ਡਾ. ਗੁਰਮਿੰਦਰ ਸਿੱਧੂ
ਮਹਿੰਦਰਪਾਲ ਸਿੰਘ ਪਾਲ ਡਾ. ਪ੍ਰਿਤਪਾਲ ਕੌਰ ਚਾਹਲ ਹਰਜੀਤ ਸਿੰਘ ਗਿੱਲ
ਬਲਦੇਵ ਸੀਹਰਾ ਦਵਿੰਦਰ ਬਾਂਸਲ ਸੁਰਿੰਦਰਜੀਤ ਕੌਰ ਪ੍ਰੀਤ ਮਨਪ੍ਰੀਤ
ਜੱਗੀ ਜਗਵੰਤ ਕੌਰ ਸਿੱਧੂ ਬਲਵੀਰ ਢਿੱਲੋਂ ਬਮਲਜੀਤ ਕੌਰ ਮਾਨ ਸੁਖਿੰਦਰ
ਪਰਮਿੰਦਰ ਕੌਰ ਸਵੈਚ ਸੁਖਜੀਤ ਕੌਰ ਰਾਜਿੰਦਰ ਸੇਖੋਂ ਮਹਿਮਾ ਸਿੰਘ ਤੂਰ
ਜਸਪਾਲ ਸਿੰਘ ਹਰਜਿੰਦਰ ਸਿੰਘ ਜਿੰਦਾ ਬਖ਼ਸ਼ ਸੰਘਾ ਲਖਵਿੰਦਰ ਸਿੰਘ ਗਿੱਲ
ਸ਼ਿੰਦ ਸ਼ਿੰਦਰ ਰਾਜਵੰਤ ਰਾਜ ਅੰਮ੍ਰਿਤ ਦੀਵਾਨਾ ਗੁਰਚਰਨ ਕੌਰ ਥਿੰਦ ਬਿੰਦੂ ਮਠਾੜੂ

## ਅਮਰੀਕਨ ਕਵੀ... .ਗਜ਼ਲ/ਨਜ਼ਮ/ਗੀਤ

ਸ਼ਸ਼ੀਪਾਲ ਸਮੁੰਦਰਾ ਡਾ. ਸੁਖਪਾਲ ਸੰਘੇੜਾ ਹਰਦਿਆਲ ਸਿੰਘ ਚੀਮਾ
ਸ਼ਿੰਦਰਪਾਲ ਸਿੰਘ ਹਰਜਿੰਦਰ ਢੇਸੀ ਪਸ਼ੌਰਾ ਸਿੰਘ ਢਿੱਲੋਂ ਹਰਪ੍ਰੀਤ ਕੌਰ ਧੂਤ
ਕਮਲ ਦੇਵ ਪਾਲ ਅਬਦੁਲ ਕਰੀਮ ਕੁਦਸੀ ਗੁਲਸ਼ਨ ਦਯਾਲ ਦਲਵੀਰ ਦਿਲ ਨਿੱਝਰ
ਸ਼ੈਲੀ ਡੰਗ ਰਾਜ ਸੰਧੂ ਐਸ਼ਕੁਮ ਐਸ਼ਵਿਕ ਡਾ. ਗੁਰੂਮੇਲ ਸਿੱਧੂ ਪ੍ਰੀਤ ਸੋਹਲ

## ਯੂਰੋਪੀਅਨ ਕਵੀ... .ਗਜ਼ਲ/ਨਜ਼ਮ/ਗੀਤ

ਐਸ ਬਲਵੰਤ ਕੇਹਰ ਸ਼ਰੀਫ਼ ਡਾ. ਤਾਰਾ ਸਿੰਘ ਆਲਮ ਦੁੱਖਭੰਜਨ ਸਿੰਘ ਰੰਧਾਵਾ
ਗੁਰਪ੍ਰੀਤ ਕੌਰ ਗੈਦੂ ਬਿੰਦਰ ਕੋਲੀਆਂਵਾਲ ਡਾ. ਕਰਨੈਲ ਸ਼ੇਰਗਿੱਲ
ਡਾ. ਦੇਵਿੰਦਰ ਕੌਰ ਮਨਜੀਤ ਕੌਰ ਪੱਡਾ ਜਸਮੇਲ ਸਿੰਘ ਲਾਲ ਅੰਜੂਜੀਤ
ਭਿੰਦਰ ਜਲਾਲਾਬਾਦੀ ਗੁਰਸ਼ਰਨ ਸਿੰਘ ਅਜੀਬ ਇੰਦਰਜੀਤ ਗੁਗਨਾਨੀ
ਕੁਲਦੀਪ ਕਿੱਟੀ ਬੱਲ ਦਲਵੀਰ ਕੌਰ ਸਿੱਕੀ ਝੱਜੀ ਪਿੰਡ ਵਾਲਾ ਅਮਨਦੀਪ ਸਿੰਘ ਅਮਨ
ਭੁਪਿੰਦਰ ਸੱਗੂ ਕੁਲਦੀਪ ਚਿਰਾ.ਗ ਨਿਰਵੈਲ ਸਿੰਘ ਢਿੱਲੋਂ ਪ੍ਰਕਾਸ਼ ਸੋਹਲ
ਬਲਬੀਰ ਸਿੰਘ ਕੰਵਲ ਅਮਜ਼ਦ ਆਰਿਫ਼ ਰਾਜਿੰਦਰਜੀਤ ਸੋਨੀਆ ਪਾਲ

## ਆਸਟਰੇਲੀਅਨ ਕਵੀ... .ਗਜ਼ਲ/ਨਜ਼ਮ/ਗੀਤ

ਡਾ. ਅਮਰਜੀਤ ਟਾਂਡਾ ਸਰਬਜੀਤ ਸੋਹੀ ਰਮਿੰਦਰ ਕੌਰ ਰੁਪਿੰਦਰ ਸੋਜ਼
ਜਿੰਦਰ ਹਰਜਿੰਦਰ ਜੌਹਲ ਮੋਹਣ ਸਿੰਘ ਮਲਹਾਂਸ ਆਤਮਾ ਹੇਅਰ (ਕਾਲਾ)
ਸੁਰਜੀਤ ਸੰਧੂ ਕੁਲਜੀਤ ਕੌਰ .ਗਜ਼ਲ ਤਰਨਦੀਪ ਬਿਲਾਸਪੁਰ (ਨਿਊਜ਼ੀਲੈਂਡ)


**'ਪਰਵਾਸ' ਵਿੱਚ ਪ੍ਰਕਾਸ਼ਿਤ ਸਮੱਗਰੀ ਨਾਲ ਸੰਪਾਦਕ ਤੇ ਸੰਸਥਾ ਦਾ ਸਹਿਮਤ ਹੋਣਾ ਜਾਂ ਨਾ ਹੋਣਾ ਜਰੂਰੀ ਨਹੀਂ ਹੈ।**

ਸੰਪਾਦਕੀ

# ਧਰਤਿ ਵੰਗਾਰੇ ਤਖ਼ਤ ਨੂੰ



ਕਿਸਾਨੀ ਅੰਦੋਲਨ ਪਿਛਲੇ ਪੰਜ ਮਹੀਨਿਆਂ ਤੋਂ ਚੱਲ ਰਿਹਾ ਹੈ। ਪਹਿਲਾਂ ਇਹ ਪੰਜਾਬ ਵਿੱਚ ਆਪਣੇ ਪੂਰੇ ਜਲੌਅ ਵਿਚ ਸੀ ਤੇ ਹੁਣ ਦਿੱਲੀ ਦੀਆਂ ਸੀਮਾਵਾਂ ਤੇ ਰਾਸ਼ਟਰੀ ਰੂਪ ਵਿੱਚ ਭਖਿਆ ਹੋਇਆ ਹੈ। ਭਾਵੇਂ ਅੰਦੋਲਨ ਰਾਸ਼ਟਰੀ ਪੱਧਰ ਦਾ ਹੈ ਪਰ ਇਸ ਦੀ ਅਗਵਾਈ ਸੰਪੂਰਨ ਰੂਪ ਵਿਚ ਪੰਜਾਬੀ ਕਰ ਰਹੇ ਹਨ। ਇਸ ਕਰਕੇ ਪੰਜਾਬੀ ਜੀਵਨ ਤੇ ਪੰਜਾਬੀਆਂ ਦੇ ਮਨਾਂ ’ਤੇ ਇਸ ਦਾ ਰਾਜਨੀਤਕ, ਸਮਾਜਿਕ, ਆਰਥਿਕ ਤੇ ਮਾਨਸਿਕ ਪੱਧਰ ’ਤੇ ਡੂੰਘਾ ਪ੍ਰਭਾਵ ਪੈ ਰਿਹਾ ਹੈ। ਇਸਦੀ ਛਾਪ ਪੰਜਾਬ ਦੀਆਂ ਸੀਮਾਵਾਂ ਤੋਂ ਪਾਰ ਵਿਦੇਸ਼ਾਂ ਵਿੱਚ ਵੀ ਆਪਣਾ ਅਸਰ ਛੱਡ ਰਹੀ ਹੈ। ਪਰਵਾਸੀ ਪੰਜਾਬੀਆਂ ਵਿੱਚ ਵੀ ਆਪਣੀ ਧਰਤੀ ਦਾ ਮੋਹ ਜਾਗ ਪਿਆ ਹੈ ਤੇ ਇਸ ਦਾ ਦਰਦ ਕਵਿਤਾ ਦੇ ਰੂਪ ਵਿੱਚ ਪ੍ਰਤੱਖ ਰੂਪ ਵਿੱਚ ਪ੍ਰਗਟ ਹੋਇਆ ਹੈ। ਪੰਜਾਬ ਵਿੱਚ ਤੇ ਪੰਜਾਬ ਤੋਂ ਬਾਹਰ 500 ਤੋਂ ਵੱਧ ਪੰਜਾਬੀ ਕਵੀਆਂ ਨੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਅ ਕੀਤਾ ਹੈ ਪਰ ਇਸ ਅੰਦੋਲਨ ਦੇ ਪ੍ਰਭਾਵ ਨੂੰ ਵਿਦੇਸ਼ਾਂ ਵਿੱਚ ਵੀ ਵੇਖਿਆ ਜਾ ਸਕਦਾ ਹੈ ਇਸ ਕਰਕੇ ਪਰਵਾਸ ਦੇ ਕਿਸਾਨੀ ਸੰਘਰਸ਼ ਨਾਲ ਸਬੰਧਤ ਪਿੱਛਲੇ ਅੰਕ ਵਿੱਚ ਸੱਤਰ ਕਵੀਆਂ ਦੀਆਂ ਰਚਨਾਵਾਂ ਨੂੰ ਸ਼ਾਮਲ ਕੀਤਾ ਗਿਆ ਸੀ ਪਰ ਹੋਰ ਪਰਵਾਸੀ ਕਵੀਆਂ ਦੀਆਂ ਰਚਨਾਵਾਂ ਦਾ ‘ਪਰਵਾਸ’ ਹਿਤ ਪ੍ਰਕਾਸ਼ਨ ਲਈ ਪੁੱਜਣ ਉਪਰੰਤ ਇਹ ਫੈਸਲਾ ਲਿਆ ਗਿਆ ਕਿ ਇਕ ਹੋਰ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਜਾਵੇ। ਕਿਸਾਨੀ ਅੰਦੋਲਨ ਦੀ ਭਾਵਨਾ ਤੇ ਸਮਰਪਣ ਹਿੱਤ ਰਚੀਆਂ ਗਈਆਂ ਇਹਨਾਂ ਰਚਨਾਵਾਂ ਨੂੰ ਪੇਸ਼ ਕਰਕੇ ਅਦਾਰਾ ‘ਪਰਵਾਸ’ ਪਰਵਾਸੀ ਕਵੀਆਂ ਦਾ ਆਭਾਰੀ ਹੈ ਅਤੇ ਅੰਦੋਲਨ ਦੀ ਸਫਲਤਾ ਦੀ ਆਸ ਕਰਦਾ ਹੈ ਅਤੇ ਇਸ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾਂਜਲੀ ਵੀ ਅਰਪਿਤ ਕਰਦਾ ਹੈ।

ਪਾਠਕਾਂ ਦੇ ਸਾਕਾਰਾਤਮਕ ਹੁੰਗਾਰੇ ਦੀ ਆਸ ਵਿੱਚ

**ਸ. ਪ. ਸਿੰਘ (ਡਾ.)**
**ਸਾਬਕਾ ਵਾਈਸ ਚਾਂਸਲਰ**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**




ਗੁਜਰਾਂਵਾਲਾ ਗੁਰੂ ਨਾਨਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਦੇ ਮੈਨੇਜਮੈਂਟ ਵਿਭਾਗ ਵੱਲੋਂ ਕਿਸਾਨ ਅੰਦੋਲਨ ਸੰਬੰਧੀ ਇਕ ਕੇਸ ਸਟੱਡੀ ਕਰਵਾਈ ਗਈ ਜਿਸ ਨੂੰ ਪ੍ਰਕਾਸ਼ਿਤ ਕੀਤਾ ਗਿਆ ਇਸ ਕੇਸ ਸਟੱਡੀ ਨੂੰ ਡਾ. ਹਰਪ੍ਰੀਤ ਸਿੰਘ ਪ੍ਰਿੰਸੀਪਲ ਅਤੇ ਡਾ. ਪਰਵਿੰਦਰ ਸਿੰਘ, ਮੁੱਖੀ ਮੈਨੇਜਮੈਂਟ ਵਿਭਾਗ ਨੇ ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਦੀ ਅਗਵਾਈ ਵਿਚ ਸੰਪੂਰਣ ਕੀਤਾ। ਟੀਮ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ।

# ਕੈਨੇਡੀਅਨ ਕਵੀ

## ਨਜ਼ਮ

ਰਵਿੰਦਰ ਰਵੀ



## ਘਰ ਘਰ ਸੂਰਜ ਚੜ੍ਹੇਗਾ

ਇਕ ਪਾਸੇ ਸੂਰਜ ਡੁੱਬ ਰਿਹਾ!
ਇਕ ਪਾਸੇ ਸੂਰਜ ਚੜ੍ਹ ਰਿਹਾ!

ਇਕ ਸੂਰਜ ਉਸਦੀ ਮੁੱਠ ਵਿੱਚ ਹੈ,
ਇਕ ਸੂਰਜ ਤੇਰੀ ਅੱਖ ਵਿੱਚ ਹੈ!

ਜੁ ਤੇਰੀ ਅੱਖ ਵਿੱਚ ਹੈ ਕਿਰਸਾਨਾਂ,
ਉਹ ਹੀ ਸੂਰਜ ਚੜ੍ਹੇਗਾ!

ਲੋਕ ਰਾਜ, ਜਨ ਕੀ ਆਵਾਜ਼ ,
ਜਨ ਕੇ ਪੰਖ, ਜਨ ਕੀ ਪਰਵਾਜ਼ !

ਧਰਤੀ ਪੁੱਤ ਕਿਰਤੀ, ਕਿਰਸਾਨ!
ਜੰਮੇਂ ਧਰਤ, ਬਰਸੇ ਅਸਮਾਨ!

ਪਾਣੀ, ਧਰਤੀ, ਤਪਸ਼ ਤੇ ਬੀਜ,
ਏਥੋਂ ਹੀ ਕਿਰਸਾਨ ਦਾ ਸੂਰਜ
ਚੜ੍ਹੇਗਾ!

ਦੰਗ ਸਿਆਸਤ, ਕੁਟਿਲ ਨੀਤੀਆਂ,
ਨੰਗੇ ਹਨ ਦੂਹਰੇ ਕਿਰਦਾਰ!

ਪਹਿਨ ਮੁਖੌਟੇ ਰਾਜ ਕਰੇਂਦੇ,
ਜਨਤਾ ਦੇ ਇਹ ਕਰਜ਼ਦਾਰ!

ਵੋਟ ਦੇ ਨਾਲ ਜੁ ਰਾਜ ਕਰੇਗਾ,
ਵੋਟ ਦੇ ਨਾਲ ਹੀ ਝੜੇਗਾ!

ਜੋਧੇ, ਸੂਰੇ ਅੱਜ ਦੇ ਹਨ,
ਇਹ ਖੇਤਾਂ ਨਾਲ ਜੁੜੇ ਪਰਿਵਾਰ!

ਸ਼ਾਂਤ ਯੁੱਧ ਇਹ ਪਰਵਾਰਾਂ ਦਾ,
ਇਸਦਾ ਨਾ ਕੋਈ ਪਾਰਾਵਾਰ!

ਇਹ ਪੰਨੇ ਨਵ-ਇਤਿਹਾਸ ਦੇ,
ਹੁਣ, ਘਰ, ਘਰ, ਸੂਰਜ ਚੜ੍ਹੇਗਾ!

ਜੁ ਤੇਰੀ ਅੱਖ ਵਿੱਚ ਹੈ ਕਿਰਸਾਨਾਂ,
ਉਹ ਹੀ ਸੂਰਜ ਚੜ੍ਹੇਗਾ!

ਰਵਿੰਦਰ ਰਵੀ
ਬੀ. ਸੀ., ਕੈਨੇਡਾ
ravinderravi37@gmail.com

## ਗ਼ਜ਼ਲ / ਨਜ਼ਮ

## ਨਦੀਮ ਪਰਮਾਰ



### ਗ਼ਜ਼ਲ

ਨਹੀਂ ਸੀ ਜਾਣਦੇ ਕੀ ਮਾਨਣਾ ਸੀ
ਕਿ ਸੁੱਖ ਦੇ ਨਾਲ ਦੁੱਖ ਵੀ ਪਾਲਣਾ ਸੀ

ਚਮਨ ਜੋ ਅੱਜ ਲਟ ਲਟ ਬਲ਼ ਰਿਹਾ ਹੈ
ਕਦੀ ਮੇਰਾ ਵੀ ਉੱਥੇ ਆਲ੍ਹਣਾ ਸੀ

ਸਿਕੰਦਰ ਵੀ ਜਿੰਨ੍ਹਾਂ ਨੂੰ ਦੇਖ ਡਰਿਆ
ਪਤਾ ਸੀ ਕਿਸ ਨਾ, ਉਸਦਾ ਸਾਮ੍ਹਣਾ ਸੀ

ਪਤਾ ਹੁੰਦਾ ਜੇ ਸੱਪ ਹੈ ਆਸਤੀਂ ਦਾ
ਤਾਂ ਮੀਰ-ਇ-ਕਾਰਵਾਂ ਨੀ ਥਾਪਣਾ ਸੀ

ਅਜ਼ਾਦੀ ਕੀ ਗ਼ਦਰ ਦੀ ਲਹਿਰ ਦੇ
ਵਿਚ
ਅਸਾਡੇ ਹੀ ਲਹੂ ਦਾ ਚਾਨਣਾ ਸੀ

ਹਜ਼ਾਰਾਂ ਦੇ ਕਤਲ ਦਾ ਦੋਸ਼ ਜਿਸ ‘ਤੇ
ਸ਼ਹਾਦਤ ਦੇਖ ਉਸ ਕੀ ਕੰਬਣਾ ਸੀ

ਨਹੀਂ ਜਿਸ ਨੂੰ ਹੈ ਕੋਈ ਰੋਣ ਵਾਲਾ
ਵਿਰਾਸਤ ਕੀ ਹੈ ਉਸ ਕੀ ਸਮਝਣਾ ਸੀ

ਨਹੀਂ ਹੈ ਖੇਤ ਇਕ ਵੀ ਜਿਸ ਦੇ ਨਾਂ
‘ਤੇ
ਕਿਸਾਨਾਂ ਦਾ ਕੀ ਦੁੱਖ ਉਸ ਸਮਝਣਾ
ਸੀ

ਨਹੀਂ ਜਾਗੀਰ ਇਹ ਦਿੱਲੀ ਕਿਸੇ ਦੀ
ਨਦੀਮਾ! ਆਉਣੋਂ ਪਹਿਲਾ ਸੋਚਣਾ ਸੀ

### ਮਨੋਰਥ

ਇਹ ਵਰ੍ਹਦੇ ਸੀਤ ਵਿਚ ਸੜਕਾਂ ਦੇ
ਕੰਢੇ
ਅਸਾਡੇ ਬੈਠਣੇ ਦਾ ਏਹੋ ਮਕਸਦ
ਕਿਸਾਨਾਂ ਨੂੰ ਗ਼ੁਲਾਮੀ ਤੋਂ ਬਚਾਉਣਾ
ਵਿਰਾਸਤ ਆਪਣੀ ਸੰਭਾਲਣਾ ਹੈ ।

ਬਿਨਾ ਆਈਨ ਧੱਕੇ ਨਾ ਬਣਾਕੇ
ਬਿਨਾ ਪੁੱਛੇ ’ਤੇ ਜਬਰਨ ਠੋਕ ਦਿੱਤੇ
ਕਨੂੰਨਾਂ ਨੂੰ ਹਟਾਉਣਾ ਤੋੜਨਾ ਹੈ ।
ਤੇ ਅਪਣਾ ਹੱਕ ਬਣਦਾ ਲੈਣ ਖਾਤਰ
ਹਕੂਮਤ ਨਾਲ ਮੱਥਾ ਲਾਵਣਾ ਹੈ ।

ਬਚਾਉਣੇ ਨੂੰ ਵਤਨ ਵਿਚ ਲੋਕ-ਤੰਤਰ
ਜ਼ਮੀਰਾਂ ਨੂੰ ਜ਼ਰਾ ਝੰਜੋੜਨਾ ਹੈ ।
ਹਕੂਮਤ ਦੇ ਨਸ਼ੇ ਵਿਚ ਚੂਰ ਹਾਕਮ
ਘੁਮੰਡੀ ਦਾ ਘੁਮੰਡ ਵੀ ਭੰਨਣਾ ਹੈ ।

**ਨਦੀਮ ਪਰਮਾਰ**
**ਬੀ. ਸੀ. , ਕੈਨੇਡਾ**
**604 298 2920**
**nadeemparmar@shaw.ca**

## ਨਜ਼ਮ

### ਮੰਗਾ ਸਿੰਘ ਬਾਸੀ



### ਗਲਵੱਕੜੀ

ਅਕਾਸ਼ ਸੰਗ
ਬਾਤਾਂ ਪਾ ਰਹੇ
ਪਹਾੜ ਨੇ ਉੱਡਦੀ ਬੱਦਲੀ ਦੀ
ਹਵਾ ਵਿਚ ਉੱਡਦੀ ਫੁਲਕਾਰੀ
ਦੀ ਕੰਨੀ ਪਕੜ ਕਿਹਾ
ਪਿਆਸੇ ਰੁੱਖਾਂ ਦੀ ਪੀੜਾ ਹਰੋ
ਕਰੜੀ ਤਪੱਸਿਆ ਕਰੋ।
ਪਾਣੀ ਦੀਆਂ ਗਾਗਰਾਂ ਭਰੋ
ਤਾਂ ਕਿ ਮੇਰੇ ਪੁੱਤਰ
ਜ਼ਿੰਦਗੀ ਨੂੰ
ਸੁਰ ਵਿਚ ਗਾ ਸਕਣ।

### 1

ਵੀਹ ਸੌ ਵੀਹ ਦਸੰਬਰ ਮਹੀਨਾ,
ਧਰਤਿ ਦੀ ਬਾਤ ਚਲਾਉਂਦੇ।
ਮਜ੍ਹਬ ਵਰਣ ਤੋਂ ਉੱਪਰ ਉੱਠ ਕੇ,
ਸਾਂਝ ਦੇ ਨਾਹਰੇ ਲਾਉਂਦੇ,
ਕਹਿਣ ਦਿੱਲੀ ਦੇ ਢਾਹੁਣੇ ਕਿੰਗਰੇ,
ਹਰ ਇਕ ਨੂੰ ਸਮਝਾਉਂਦੇ।
ਦਿੱਲੀਏ ਖ਼ੈਰ ਨਹੀਂ ,
ਪੁੱਤ ਖੇਤਾਂ ਦੇ ਆਉਂਦੇ।

### 2

ਜੈ ਜਵਾਨ ਤੇ ਜੈ ਕਿਸਾਨ ਦੇ,
ਗਾਵਣ ਗੀਤ ਹਵਾਵਾਂ।
ਕਿਰਤੀਆਂ ਦੇ ਸੰਗ ਆੜ੍ਹਤੀਆਂ ਨੇ,
ਖੋਲ੍ਹੀਆਂ ਦਿਲ ਦੀਆਂ ਬਾਹਵਾਂ।
ਕੀ ਹਰਿਆਣਾ, ਕੀ ਯੂ. ਪੀ. ਤੋਂ
ਚੜ੍ਹੀਆਂ ਲ਼ੋਕ ਘਟਾਵਾਂ।
ਸੱਚ ਮੁੱਚ ਸੱਚ ਸੁਣਿਆਂ,
ਜਿੱਤ ਨਾ ਬਾਝ ਭਰਾਵਾਂ।

### 3

ਸੁਣ ਨੀ ਦਿੱਲੀਏ,ਪੁੱਛੀਏ ਤੈਨੂੰ,
ਦੱਸ ਦੇ ਸੱਚ ਕਹਾਣੀ।
ਜਬਰ ਜ਼ੁਲਮ ਦੇ ਸਾਹਵੇਂ ਖੜ੍ਹ ਕੇ,
ਕਿਸ ਕਿਸ ਨੇ ਹਿੱਕ ਤਾਣੀ।
ਕਿਸਦਾ ਵਾਂਗ ਸਮੁੰਦਰ ਜਿਗਰਾ,
ਕਿਸਦੀ ਸਾਂਝੀ ਬਾਣੀ।
ਹਿੰਦ ਦੀਆਂ ਅਣਖ਼ਾਂ ਲਈ,
ਕਿਸਨੇ ਨੇ  ਚਾਦਰ ਤਾਣੀ।

**ਮੰਗਾ ਸਿੰਘ ਬਾਸੀ**
**ਕੈਮਲੂਪਸ, ਕੈਨੇਡਾ**
**605 240 1095**

## ਨਜ਼ਮ

## ਰਮਿੰਦਰ ਰੰਮੀ ਵਾਲੀਆ



### ਤੈਂ ਕੀ ਦਰਦ ਨਾ ਆਇਆ

ਸੁਣ ਦਿੱਲੀ ਦੀਏ ਸਰਕਾਰੇ ਨੀ !
ਤੈਂ ਕੀ ਦਰਦ ਨਾ ਆਇਆ ?
ਤੂੰ ਵੀ ਕਰ ਲੈ ਜੋ ਕਰਨਾ ਹੁਣ
ਨਹੀਂ ਡਰਾਂਗੇ ਹੁਣ ਕਿਸੇ ਤੋਂ,
ਅਸੀਂ ਗੁਰੂ ਗੋਬਿੰਦ ਦੇ ਜਾਏ ਹਾਂ
ਕੁਝ ਕਰਾਂਗੇ ਜਾਂ ਮਰਾਂਗੇ ।
ਸਰਕਾਰ ਅੱਗੇ ਨਹੀਂ ਝੁਕਾਂਗੇ
ਸਿਰ ਕਫ਼ਨ ਬੰਨ ਕੇ ਆ ਗਏ ਹਾਂ ।
ਤੇਰਿਆਂ ਜ਼ੁਲਮਾਂ ਤੋਂ ਨਹੀਂ ਡਰਾਂਗੇ
ਹੱਕ ਆਪਣੇ ਲੈ ਕੇ ਰਹਾਂਗੇ
ਵਾਪਿਸ ਹੁਣ ਨਹੀਂ ਮੁੜਾਂਗੇ
ਬਹੁਤ ਕਰ ਲਈਆਂ ਤੂੰ
ਮਨਮਾਨੀਆਂ।
ਸਬਰ ਪਿਆਲਾ ਭਰ ਚੁੱਕਾ ਹੈ ਹੁਣ
ਸੀਨਾ ਤਾਨ ਕੇ ਖੜ੍ਹ ਗੇ ਹਾਂ ਹੁਣ ।
ਪੁਰਾਣੇ ਜ਼ਖ਼ਮ ਭਰੇ ਨਹੀਂ ਅਜੇ
ਨਵੇਂ ਫੱਟ ਹੁਣ ਦੇ ਰਹੇ ਹੋ ਹੋਰ ।
ਤੁਹਾਡੀ ਮੱਤ ਨੂੰ ਕੀ ਹੋ ਗਿਆ ਹੈ
ਜਿਸਦਾ ਬੀਜਿਆ ਖਾਂਦੇ ਹੋ
ਉਸੇ ਦੇ ਹੱਕ ਖੋਂਹਦੇ ਹੋ।

ਕਿਸਾਨ ਮਿੱਟੀ ਨਾਲ ਮਿੱਟੀ ਹੁੰਦਾ
ਹੈ।
ਕੜਕ ਸਿਆਲੇ ਠੁਰ ਠੁਰ ਕਰਦਾ ਹੈ,
ਗਰਮੀ ਵਿੱਚ ਪਸੀਨੇ ਵਹਾਉਂਦਾ ਹੈ,
ਫ਼ਸਲਾਂ ਨੂੰ ਪੁੱਤਾਂ ਵਾਂਗ ਪਾਲਦਾ ਹੈ,
ਫਿਰ ਵੀ ਡਰਿਆ ਸਹਿਮਿਆ ਰਹਿੰਦਾ
ਹੈ।

ਕਿਤੇ ਮੀਂਹ ਝੱਖੜ ਨਾ ਆ ਜਾਏ
ਫ਼ਸਲਾਂ ਨੂੰ ਹੂੰਝ ਨਾ ਲੈ ਜਾਏ
ਰਾਤੀਂ ਉੱਠ ਉੱਠ ਦੇਖਦਾ ਹੈ।
ਫ਼ਸਲ ਪੱਕਦਿਆਂ ਵੇਖਕੇ ਤੇ
ਗੀਤ ਖ਼ੁਸ਼ੀ ਦੇ ਗਾਉਂਦਾ ਹੈ।
ਤੁਸੀਂ ਉਸਦੀ ਫ਼ਸਲ ਦਾ
ਮੁੱਲ ਤਾਂ ਕੀ ਪਾਉਣਾ
ਉਸਦੀ ਰੋਜ਼ੀ ਖੋਹਣਾ ਚਾਹੁੰਦੇ ਹੋ।

ਬੱਸ ਕਰੋ ਹੁਣ ਬਹੁਤ ਹੋ ਗਿਆ
ਸਾਥੋਂ ਹੁਣ ਨਹੀਂ ਜਰਿਆ ਜਾਂਦਾ।

ਆਪਣਾ ਕਾਲਾ ਬਿੱਲ ਹੁਣ
ਵਾਪਿਸ ਲੈ ਲਉ ,
ਸਾਡੇ ਹੱਕ ਇੱਥੇ ਰੱਖ
ਖਾਲ਼ੀ ਹੱਥ ਨਹੀਂ ਮੁੜਾਂਗੇ ਹੁਣ ।
ਸੁਣ ਦਿੱਲੀ ਦੀਏ ਸਰਕਾਰੇ ਨੀ !
ਤੈਂ ਕੀ ਦਰਦ ਨਾ ਆਇਆ
ਸੁਣ ਦਿੱਲੀ ਦੀਏ ਸਰਕਾਰੇ ਨੀ !

**ਰਮਿੰਦਰ ਰੰਮੀ ਵਾਲੀਆ**
**ਟੋਰੰਟੋ, ਕੈਨੇਡਾ**

## ਨਜ਼ਮ

**ਪਾਲ ਢਿੱਲੋਂ**



### ਕਿਸਾਨ ਮੋਰਚਾ ਜ਼ਿੰਦਾਬਾਦ

ਜ਼ਰਾ ਨੀਂਦ 'ਚੋਂ
ਉਠ ਕੇ ਹਾਕਮ ਜੀ ਦੇਖੋ
ਇਕੱਠੀ ਹੋਈ
ਤੇਰੇ ਦਰ 'ਤੇ ਲੋਕਾਈ।

ਇਹ ਮੇਲਾ ਨਹੀਂ ਹੈ
ਇਹ ਤਾਂ ਮਜਬੂਰੀਆਂ ਨੇ
ਹੈ ਮਜਲਿਸ ਲਗਾਈ।

ਇਹ ਤਾਂ ਪਹਿਲਾਂ ਬੜੇ ਹੀ
ਸਤਾਏ ਨੇ ਲੋਕੀ
ਜੋ ਚੌਖਟ ਤੇਰੀ 'ਤੇ
ਇਹ ਆਏ ਨੇ ਲੋਕੀ।

ਬੜੀ ਸਰਲ ਹੈ
ਸਮਝ ਤੇਰੇ ਪੈ ਜਾਣੀ
ਜ਼ਰਾ ਗੌਰ ਨਾ ਸੁਣ
ਇਨ੍ਹਾਂ ਦੀ ਕਹਾਣੀ ।

ਖਤਮ ਕਰ ਇਹ ਮਸਲਾ
ਹੈ ਸਭ ਦੀ ਦੁਹਾਈ ।

ਇਹ ਮੇਲਾ ਨਹੀਂ ਹੈ
ਇਹ ਤਾਂ ਕਿਰਤੀਆਂ ਨੇ
ਹੋ ਮਜਲਿਸ ਲਗਾਈ ।

ਦੁਹਾਈ ਹੋ ਮੇਰੀ
ਦੁਹਾਈ ਦੁਹਾਈ।

### ਜੰਗ ਜਾਰੀ ਹੈ

ਤੇਰੀ ਜੂਹ ਵਿੱਚ ਡੰਡਾ ਗੱਡਣ
ਆਏ ਨੇ ਮਜਬੂਰ ਟਰੈਕਟਰ
ਦਿੱਲੀਏ ਕਰ ਕੁਝ ਹੋਸ਼ ਨਹੀਂ ਹੁਣ
ਤੇਰੇ ਤੋਂ ਇਹ ਦੂਰ ਟਰੈਕਟਰ ।

ਜਾਨ ਹਥੇਲੀ 'ਤੇ ਧਰ ਨਿਕਲੇ
ਕੱਫਨ ਸਿਰ 'ਤੇ ਬੰਨੇ ਹੋਏ
ਭਗਤ ਸਰਾਭੇ ਦੇ ਭਾਈ ਨੇ
ਦੁਨੀਆਂ 'ਤੇ ਮਸ਼ਹੂਰ ਟਰੈਕਟਰ।

ਰੁਕਣੇ ਨਾ ਇਹ ਤੇਰੇ ਕੋਲੋਂ
ਤੇਰੀ ਹਿੱਕ 'ਤੇ ਆ ਬੈਠਣਗੇ
ਇਹ ਜੋ ਤੈਨੂੰ ਦੂਰੋਂ-ਦੂਰੋਂ
ਦੇਖ ਰਹੇ ਨੇ ਘੇਰ ਟਰੈਕਟਰ ।

ਤਖਤ ਨਾ ਮੰਗਣ ਤਾਜ ਨਾ ਮੰਗਣ
ਆਪਣੇ ਹੱਕਾਂ ਨੂੰ ਹੀ ਮੰਗਣ
ਸੱਚੇ ਸੁੱਚੇ ਕਿਰਤੀ ਯੋਧੇ
ਇਹ ਕਿਰਸਾਨ, ਮਜ਼ਦੂਰ,
ਟਰੈਕਟਰ।

**ਪਾਲ ਢਿੱਲੋਂ**
**ਵਰਨਰ ਬੀ. ਸੀ. , ਕੈਨੇਡਾ**

## ਗ਼ਜ਼ਲ

**ਕ੍ਰਿਸ਼ਨ ਭਨੋਟ**



ਇਹ ਜਨ-ਸ਼ਕਤੀ ਕਿਸੇ ਦਿਨ,
ਆਪਣੀ ਆਈ ’ਤੇ ਆ ਕੇ ,
ਇਹ ਮਾਰੇ ਹਾਕਮਾਂ ਨੂੰ,
ਤਖ਼ਤ ਤੋਂ ਭੁੰਜੇ  ਵਗ੍ਹਾ ਕੇ ।
ਤੁਰੇ ਨੇ ਧਰਤ ਦੇ ਪੁੱਤਰ,
ਜੇ ਘੱਤ ਘੱਤ ਕੇ ਵਹੀਰਾਂ ,
ਘਰਾਂ ਨੂੰ ਮੁੜਨਗੇ,
ਦਿੱਲੀ ਦਾ ਸਿੰਘਾਸਣ ਹਿਲਾ ਕੇ ,
ਜੁ ਲਾਵਾ ਫੁੱਟ ਤੁਰਿਆ,
ਉਸਨੇ ਰੁਕਣਾ ਨਹੀਂ ਹੈ ,
ਇਹ ਲੈ ਜਾਵੇ ਸਭੇ,
ਰਸਤੇ ਦੀਆਂ ਰੋਕਾਂ ਵਹਾ ਕੇ ।
ਤੂੰ ਪਹਿਲਾਂ ਦੇਖਕੇ, ਔਕਾਤ ਅਪਣੀ
ਫ਼ੈਸਲਾ ਕਰ ,
ਨ ਝੁੱਗਾ ਚੌੜ ਕਰ ਬੈਠੀਂ,
ਕਿਸੇ ਦੀ ਚੁੱਕ ’ਚ ਆ ਕੇ।
ਬਚਾਵੇ ਕੌਣ ਤੈਨੂੰ, ਛੇੜ ਬੈਠਾ,
ਡੂੰਮਣਾ ਤੂੰ ,
ਲੁਕੇਂਗਾ ਤੂੰ ਭਲਾ ਕਿਸ ਮਾਂ ਦੀ,
ਹੁਣ ਕੁੱਛੜ ’ਚ ਜਾ ਕੇ ।
ਕਰੇਂ ਕਰਤੂਤ ਜੇ ਤੂੰ , ਓਸਤੋਂ ਹੁਣ
ਬਾਜ਼ ਆ ਜਾ ,
ਘਰੇ ਬਹਿ ਜਾਹ ਤੂੰ ਹੁਣ ਵੀ ਆਪਣੀ
ਚਮੜੀ ਬਚਾ ਕੇ ।
ਕਦੇ ਇਤਿਹਾਸ ਨੇ ਨਾ ਕ੍ਰਿਸ਼ਨ ਤੈਨੂੰ
ਮਾਫ਼ ਕਰਨਾ ,
ਜੇ ਹੁਣ ਵੀ ਬਹਿ ਗਿਆ ਬੁੱਲਾਂ ਨੂੰ ਤੂੰ
ਤਾਲੇ ਲਗਾ ਕੇ ।

**ਕ੍ਰਿਸ਼ਨ ਭਨੋਟ**
**ਬੀ. ਸੀ., ਕੈਨੇਡਾ**



## ਨਜ਼ਮ

## ਚੰਦ ਸਿੰਘ ਸਦਿਉੜਾ



## ਬਣ ਜਾ ਦਿੱਲੀਏ ਤੂੰ ਦਿਲਦਾਰ

ਬਣ ਜਾ ਦਿੱਲੀਏ ਤੂੰ ਦਿਲਦਾਰ
ਅੰਨਦਾਤੇ ਦੀ ਸੁਣੀਂ ਪੁਕਾਰ,
ਮੰਨਕੇ ਮੰਗ ਕਿਸਾਨਾਂ ਦੀ,
ਕਾਲੇ ਕਨੂੰਨਾਂ ਨੂੰ ਵਗਾਹ ਮਾਰ।
ਤੇ ਇੰਝ ਬਹਾਲ ਕਰ,
ਆਪਣਾ ਖੁੱਸਿਆ ਵਕਾਰ
ਆਹ ! ਸਵਾ ਮਹੀਨਾ ਪੋਹ ਦੀਆਂ
ਰਾਤਾਂ ; ਸੀਤ ਹਵਾਵਾਂ ਤੇ ਮਾਰੂ
ਬਰਸਾਤਾਂ,
ਘਰ ਬਾਰ ਛੱਡ , ਠਰਦੇ ਸੜਕਾਂ ਉੱਤੇ
ਬੀਬੀਆਂ ਤੇ ਬਾਬਿਆਂ ਦੀ
ਲੈ ਖਾਂ ਸਾਰ
ਤੇ ਇੰਝ ਬਹਾਲ ਕਰ,
ਆਪਣਾ ਖੁੱਸਿਆ ਵੱਕਾਰ
ਮੋਰਚੇ 'ਤੇ ਲੱਖਾਂ ਈ ਜੋ ਬੈਠੇ ਨੇ
ਕਿਸਾਨ, ਕਾਹਨੂੰ ਅਰਮਾਨਾਂ ਦਾ ਤੂੰ
ਕਰਦੀ ਏ ਘਾਣ
ਛੱਡ ਫੋਕੀ ਅੜੀ ਤੇ ਹਾਉਮੈ ਨੂੰ
ਹੱਕੀ ਮੰਗਾਂ 'ਤੇ ਕਰ ਵਿਚਾਰ
ਤੇ ਇੰਝ ਬਹਾਲ ਕਰ,
ਆਪਣਾ ਖੁੱਸਿਆ ਵੱਕਾਰ।
ਲੋੜ ਪਵੇ ਦੇਸ਼ ਲਈ
ਇਹ ਲੜ ਲੜ ਮਰੇ ਆ,
ਵੈਰੀਆਂ ਦੇ ਮੂਹਰੇ ਸਦਾ
ਹਿੱਕਾਂ ਤਾਣ ਖੜੇ ਆ
ਭੁੱਖ ਨੂੰ ਭਜਾਇਆ,
ਰਾਤਾਂ ਜਾਗ-ਜਾਗ
ਦੇਸ਼ ਵਿੱਚ ਲਾ ਕੇ ਅੰਨ ਦੇ ਭੰਡਾਰ
ਤੇ ਇੰਝ ਬਹਾਲ ਕਰ ,
ਆਪਣਾ ਖੁੱਸਿਆ ਵੱਕਾਰ
ਲੁਕਣ ਮੀਚੀ ਛੱਡਕੇ ਕਿਸਾਨਾਂ ਦੇ ਮੱਥੇ
ਲੱਗ ਦਿੱਲੀਏ, ਇਹ ਨੇ ਮਿਹਨਤੀ,
ਹਲੀਮੀ, ਸਾਊ ਤੇ ਸਲੱਗ ਦਿੱਲੀਏ!
ਸੁਣ ਚੀਸ ਕਲਮਕਾਰਾਂ ਦੀ ਮੰਨ ਮੰਗਾਂ
ਸ਼ੀਸ਼ਾ-ਏ-ਆਵਾਮ 'ਚੋਂ
ਖ਼ੁਦ ਨੂੰ ਨਿਹਾਰ
ਤੇ ਇੰਝ ਬਹਾਲ ਕਰ ,
ਆਪਣਾ ਖੁੱਸਿਆ ਵੱਕਾਰ
ਹੁਣ ਲੱਭਣਾ ਈ ਪੈਣਾ ਇਹਦਾ ਹੱਲ
ਦਿੱਲੀਏ, ਜਨ-ਜਾਗਰਤੀ ਨੂੰ ਨਹੀਂ
ਪੈਣੀ ਠੱਲ ਦਿੱਲੀਏ
ਕਰ ਜੁਝਾਰੂਆਂ ਦੇ ਜੋਸ਼ ਜ਼ਜਬੇ ਨੂੰ
ਸਲਾਮ
ਬਣ ਦਿਖਾ ਸੱਚ ਮੁੱਚ ਸੱਚੀ ਸਰਕਾਰ।

**ਚੰਦ ਸਿੰਘ ਸਦਿਉੜਾ**
**ਕੈਲਗਰੀ, ਕੈਨੇਡਾ**
**001 587 583 7939**

## ਨਜ਼ਮ

## ਡਾ. ਗੁਰਮਿੰਦਰ ਸਿੱਧੂ



## ਜ਼ਿੰਦਗੀ ਦੇ ਬਨੇਰੇ ਤੋਂ

ਤੁਸੀਂ ਜਦੋਂ ਵੀ ਸਾਡੇ ਅੱਗੇ
ਹਨ੍ਹੇਰਿਆਂ ਦੀ ਬਾਤ ਪਾਈ ਹੈ,
ਅਸੀਂ ਆਪਣੀਆਂ
ਵਲੂੰਧਰੀਆਂ ਪਲਕਾਂ ਉੱਤੇ
ਸਿਦਕਾਂ ਦਾ ਦੀਵਾ ਟਿਕਾ ਲਿਆ ਹੈ,
ਤੇ ਉਹਦੀ ਲਾਟ ਉੱਤੇ
ਹਥੇਲੀ ਧਰ ਕੇ
ਹਰ ਹਨ੍ਹੇਰੇ ਨੂੰ ਚੀਰ ਜਾਣ ਦੀ
ਸਹੁੰ ਖਾ ਲਈ ਹੈ।

ਤੁਸੀਂ ਜਦੋਂ ਵੀ ਸਾਡੇ
ਊਭੜ-ਖੁਭੜੇ ਪੈਂਡਿਆਂ ਵਿੱਚ
ਮੁਸ਼ਕਿਲਾਂ ਦੇ ਅੰਨ੍ਹੇ ਬੋਲ਼ੇ
ਖੂਹ ਪੁੱਟੇ ਨੇ,
ਅਸੀਂ ਆਪਣੇ ਸਿਰੜੀ ਪੈਰਾਂ ਵਿੱਚ
ਦਲੇਰੀਆਂ ਦਾ ਜਾਦੂ ਭਰ ਲਿਆ ਹੈ,
ਤੁਹਾਡੇ ਵੇਂਹਦਿਆਂ ਵੇਂਹਦਿਆਂ
ਹਰ ਖੂਹ ਨੂੰ
ਛਲਾਂਗ ਮਾਰ ਕੇ ਟੱਪ ਗਏ ਹਾਂ।

ਤੁਸੀਂ ਜਦੋਂ ਵੀ ਸਾਨੂੰ
ਅਪਾਹਜ ਕਰਨ ਲਈ
ਦੋ-ਧਾਰੀ ਤਲਵਾਰ ਉਠਾਈ ਹੈ,
ਅਸੀਂ ਆਪਣੇ ਜਿਸਮ ਉੱਪਰ
ਅਟੁੱਟ ਪਾਰਦਰਸ਼ੀ ਸ਼ੀਸ਼ਾ
ਉਗਾ ਲਿਆ ਹੈ,
ਉਪਰੋਂ ਜ਼ਖਮੋ-ਜ਼ਖਮੀ ਹੋ ਕੇ ਵੀ
ਅੰਦਰੋਂ ਸਾਬਤ-ਸਬੂਤੇ ਹਾਂ

ਤੁਸੀਂ ਜਦੋਂ ਵੀ ਸਾਡਾ ਖ਼ੁਰਾ-ਖੋਜ
ਮਿਟਾਉਣ ਲਈ
ਹਵਾ ਵਿੱਚ ਜ਼ਹਿਰ ਘੋਲਿਆ ਹੈ,
ਅਸੀਂ ਆਪਣੀ ਸਾਹ ਨਲੀ ਉੱਤੇ
ਇਕ ਸ਼ਬਦ 'ਜ਼ਿੰਦਗੀ'
ਲਿਖ ਦਿੱਤਾ ਹੈ ,
ਜ਼ਹਿਰੀਲੀ ਹਵਾ ਸ਼ਰਮ ਨਾਲ
ਪਾਣੀ-ਪਾਣੀ ਹੋ ਕੇ
ਵਾਪਿਸ ਪਰਤ ਗਈ ਹੈ
ਅਸੀਂ ਅੱਜ ਵੀ
ਜ਼ਿੰਦਗੀ ਦੇ ਬਨੇਰੇ ਤੋਂ
ਬੋਲ ਰਹੇ ਹਾਂ
ਗੱਜ ਵੱਜ ਕੇ ਬੋਲ ਰਹੇ ਹਾਂ।

**ਡਾ. ਗੁਰਮਿੰਦਰ ਸਿੱਧੂ**
**ਸਰੀ, ਕੈਨੇਡਾ**

## .ਗ਼ਜ਼ਲ
## ਮਹਿੰਦਰਪਾਲ ਸਿੰਘ ਪਾਲ



### ਬਣ ਕੇ ਕਾਫ਼ਲਾ ਤੁਰ ਪਿਆ

ਬਣ ਕੇ ਕਾਫ਼ਲਾ ਤੁਰ ਪਿਆ
ਹੈ ਦੇਸ਼ ਦਾ ਅੱਜ ਕਿਸਾਨ,

ਲੱਗਦਾ ਉਸ ਦੇ ਸਿਦਕ ਦਾ
ਹੈ ਅੱਜ ਹੋਣਾ ਇਮਤਿਹਾਨ।

ਹੁਣ ਪਿੱਛੇ ਨਹੀਂ ਉਸ ਮੁੜਨਾ
ਉਹਨੇ ਲਿਆ ਹੈ ਦਿਲ ਵਿਚ ਠਾਣ,

ਹੱਕਾਂ ਦੇ ਖ਼ਾਤਰ ਲੜਨਗੇ
ਅੱਜ ਬੁੱਢੇ ਅਤੇ ਜਵਾਨ।

ਪ੍ਰਸ਼ਾਸਨ ਨੂੰ ਪਈਆਂ ਭਾਜੜਾਂ
ਤੇ ਹੈ ਹਾਕਮ ਵੀ ਪਰੇਸ਼ਾਨ,

ਹੁਣ ਹੋ ਕੇ ਰਹਿਣਗੇ ਫ਼ੈਸਲੇ
ਲਈ ਰੱਖ ਤਲੀ 'ਤੇ ਜਾਨ।

ਤੇਰੇ ਨਾਲ ਨੇ ਕਾਮੇ ਦੇਸ਼ ਦੇ
ਰੱਖੀਂ ਦਿਲ ਵਿਚ ਇਤਮੀਨਾਨ,

ਤੇਰੇ ਜੋਸ਼ ਦੇ ਅੱਗੇ ਯੋਧਿਆ
ਝੁਕੂ ਹਾਕਮ ਬੇਈਮਾਨ।

### .ਗ਼ਜ਼ਲ

ਮੈਂ ਬੰਜਰ ਆਬਾਦ ਕੀਤੇ,
ਹੱਥਾਂ ਨਾ ਹਲ਼ ਵਾਹ ਕੇ
ਕਬਜ਼ਾ ਹੈ ਕਰਨਾ ਚਾਹੁੰਦਾ,
ਹੁਣ ਹੋਰ ਕੋਈ ਆ ਕੇ।

ਗਰਮੀ ਦੀ ਰੁੱਤ ਦੇ ਅੰਦਰ
ਕਿੰਜ ਚੋਇਆ ਮੇਰਾ ਪਸੀਨਾ
ਇਹ ਉਹ ਭਲਾ ਕੀ ਜਾਣਨ,
ਬੈਠੇ ਜੋ ਪੱਖੇ ਲਾ ਕੇ।

ਮਿੱਟੀ ਨਾ ਮਿੱਟੀ ਹੋ ਕੇ,
ਕਿੰਜ ਫ਼ਸਲ ਮੈਂ ਉਗਾਵਾਂ
ਕੁੱਝ ਲੋਕ ਨੇ ਹੁਣ ਬੈਠੇ,
ਮੇਰੀ ਦਾਸਤਾਂ ਭੁਲਾ ਕੇ।

ਹੈ ਮੇਰੇ ਲਹੂ ਵਿਚ ਵਗਦਾ,
ਕੁਰਬਾਨੀਆਂ ਦਾ ਜਜ਼ਬਾ
ਜਿੱਤੀ ਆਜ਼ਾਦੀ ਮੈਂ ਸੀ,
ਗਲ਼ ਫਾਂਸੀ ਦੇ ਫੰਦੇ ਪਾ ਕੇ।

ਖੋਟੇ ਤੇਰੇ ਮਨਸੂਬੇ,
ਨਾਕਾਮ ਹੋਣੇ ਹਾਕਮ
ਭਾਵੇਂ ਵੇਖ ਲਈਂ ਮੈਨੂੰ,
ਸੌ ਵਾਰ ਤੂੰ ਅਜ਼ਮਾ ਕੇ।

**ਮਹਿੰਦਰਪਾਲ ਸਿੰਘ ਪਾਲ**
**ਕੈਲਗਰੀ, ਕੈਨੇਡਾ**

## ਨਜ਼ਮ

ਡਾ. ਪ੍ਰਿਤਪਾਲ ਕੌਰ ਚਾਹਲ



### ਅਣਿਆਈ ਭਾਣਾ

ਜ਼ਰਾ ਸੋਚ ਵੇਖੋ ਕਦੇ ਦੋਸਤੋ,
ਪਵੇ ਰਹਿਣਾ ਭੁੱਖਿਆਂ
ਤੇ ਜੇ ਨਾ ਮਿਲੇ ਕਦੇ ਖਾਣ ਨੂੰ ਖਾਣਾ।

ਭਾਵੇਂ ਹੋਵੇ ਬੰਦਾ ਕਿੰਨਾ ਅਮੀਰ
ਜੱਗ ਅੰਦਰ,
ਕਿਹੜਾ ਸੋਨਾ ਚਾਂਦੀ ਕਿਸੇ ਨੇ
ਖਾਹ ਜਾਣਾ।

ਇਕ ਡੰਗ ਟਪਾ ਲਊ ਸਰਦਾਰ
ਘਰ ਦਾ ਰਹਿ ਭੁੱਖਾ
ਕਿੰਝ ਸਹੇਗਾ ਉਹ ਭੁੱਖਿਆਂ
ਰਹੇ ਲਾਣਾ?

ਜੇ ਨਾ ਹੋਵੇ ਕਿਸਾਨ
ਇਸ ਜੱਗ ਅੰਦਰ,
ਕਿਵੇਂ ਜਾਊ ਤਣਿਆ ਤਾਣਾ ਤੇ
ਫਿਰ ਬਣੂੰ ਬਾਣਾ।

ਦੁੱਧ ਪੁੱਤ ਵੀ ਆਸਰੇ ਕਿਸਾਨ ਦੇ
ਸੱਭ, ਮੈਂ ਖ਼ੈਰ ਮੰਗਾਂ,
ਦੱਸ ਭਲਾਂ ਹੋਰ ਲੈ ਵੀ ਸੰਸਾਰ ਤੋਂ ਕੀ
ਜਾਣਾ?

ਅੱਜ ਡਟ ਗਿਆ ਹੈ ਕਿਸਾਨ ਸਭ ਦੇ
ਵਜੂਦ ਖ਼ਾਤਰ,
ਹੈ ਇਨਕਾਰੀ ਮੰਨਣ ਤੋਂ ਸਰਕਾਰ ਦਾ
'ਅਣਿਆਈ ਭਾਣਾ'।

ਡਾ. ਪ੍ਰਿਤਪਾਲ ਕੌਰ ਚਾਹਲ
ਵਿਨੀਪੈਗ, ਕੈਨੇਡਾ
0012049999240



## ਨਜ਼ਮ

## ਹਰਜੀਤ ਸਿੰਘ ਗਿੱਲ



## ਕਿਰਤੀ ਕਿਸਾਨ ਅੰਦੋਲਨ

ਜ਼ੁਲਮ ਖ਼ਿਲਾਫ਼ ਟੱਕਰ ਲੈਣਾ
ਫ਼ਿਤਰਤ ਹੈ ਪੰਜਾਬੀਆਂ ਦੀ,
ਸਾਡੇ ਵਡੇਰਿਆਂ ਨੇ
ਇਹ ਪੂਰਨੇ ਪਾਏ ਹੋਏ ਨੇ!
ਪਾਣੀ ਦੀਆ ਵਾਛੜਾਂ ਤੇ
ਲਾਠੀਆਂ ਦੀ ਪ੍ਰਵਾਹ ਕੀ ਹੈ,
ਅਸੀਂ ਤਾਂ ਤਨ ਭੀ
ਆਰਿਆਂ ਨਾਲ ਚੀਰਾਏ ਹੋਏ ਨੇ!

ਲੱਖਾਂ ਰੋਕਾਂ ਤੂੰ ਲਾ ਕੇ ਰੋਕ ਭਾਵੇਂ,
ਦ੍ਰਿੜ ਇਰਾਦੇ ਨਹੀਂ
ਸਾਡੇ ਤੂੰ ਤੋੜ ਸਕਦਾ!
ਝੁਕਣਾ ਪੈਣਾ ਤੈਨੂੰ
ਇਕ ਦਿਨ ਹਾਕਮਾ ਓਏ,
ਕਿੱਲ ਲੋਹੇ ਦੇ ਵਿੱਚ
ਨਹੀ ਤੂੰ ਠੋਕ ਸਕਦਾ!
ਲੋਹਾ ਜੱਗ ’ਤੇ ਮੰਨਵਾਇਆ
ਪੰਜਾਬੀਆਂ ਨੇ,
ਸਾਨੂੰ ਥਾਪੜਾ ਕਲਗੀਆਂ ਵਾਲੜੇ ਦਾ!
ਸਿਦਕ, ਚਰਿੱਤਰ ਤੇ
ਕਿਰਤ ਦੀ ਹਨ
ਇਹ ਮਿਸਾਲ ਜੱਗ ’ਤੇ,
ਪੈਰੋਕਾਰ ਹੈ
ਹਰ ਪੰਜਾਬੀ ਕਲਗੀਆਂ ਵਾਲੜੇ ਦਾ!

## ਮਿੱਟੀ ਨਾਲ ਮਿੱਟੀ ਹੋ ਕਿਰਤਾਂ ਕਰਦੇ

ਮਿੱਟੀ ਨਾਲ ਮਿੱਟੀ ਹੋ ਕਿਰਤਾਂ
ਕਰਦੇ,
ਅੰਨਦਾਤੇ ਕਿਸਾਨ ਵੀਰ ਸਾਰੇ
ਤੂੰ ਕਹੇਂ ਅੱਤਵਾਦੀ ਇਹਨੂੰ ਨੂੰ,
ਬੇਦਰਦ  ਦਿੱਲੀ ਸਰਕਾਰੇ
ਤੂੰ ਕਹੇਂ ਅੱਤਵਾਦੀ ਇਹਨਾਂ ਨੂੰ,
ਬੇਦਰਦ ਦਿੱਲੀ ਸਰਕਾਰੇ!

ਹੱਥੀਂ ਪਏ ਅੱਟਣ ਕਿਰਤ ਦੀ ਭਰਨ
ਗਵਾਹੀ!
ਲੋਈ ਕਿਓਂ ਤੂੰ ਹੈ ਸ਼ਰਮ ਦੀ ਲਾਹੀ!
ਨਹੀਂ ਚੱਲਣੇ ਹੁਣ ਝੂਠੇ ਤੇਰੇ ਲਾਰੇ!
ਤੂੰ ਕਹੇ ਅੱਤਵਾਦੀ ਇਹਨਾ ਨੂੰ,
ਬੇਦਰਦ ਦਿੱਲੀ ਸਰਕਾਰੇ!

ਦਿੱਲੀ ਵਿੱਚ ਵੜ ਇਹਨਾ ਲਾ ਦਿੱਤੇ
ਲੰਗਰ!
ਜਜ਼ਬਾ ਇੰਝ ਜਿਵੇਂ ਦਿਲ ਖੁੱਭਿਆ
ਖ਼ੰਜਰ!
ਹੱਕਾਂ ਲਈ ਤੋੜ ਦਿੱਤੇ ਨਾਕੇ ਭਾਰੇ
ਭਾਰੇ!
ਤੂੰ ਕਹੇਂ ਅੱਤਵਾਦੀ ਇਹਨਾ ਨੂੰ,
ਬੇਦਰਦ ਦਿੱਲੀ ਸਰਕਾਰੇ!

ਬੱਚੇ, ਬੁੱਢੇ ਮਾਵਾਂ ਇਹ ਨੇ ਨਾਲ
ਲਿਆਏ!
ਸਿਰ ’ਤੇ ਕੱਫਣ ਬੰਨ ਕੇ ਆਏ!
ਹੁਣ ਛੱਡ ਦੇ ਕਰਨੇ ਤੂੰ ਭੈੜੇ ਕਾਰੇ!
ਤੂੰ ਕਹੇਂ ਅੱਤਵਾਦੀ ਇਹਨਾਂ ਨੂੰ,
ਬੇਦਰਦ ਦਿੱਲੀ ਸਰਕਾਰੇ!

**ਹਰਜੀਤ ਸਿੰਘ ਗਿੱਲ**
**ਟੋਰੰਟੋ, ਕੈਨੇਡਾ**

## .ਗਜ਼ਲ

### ਬਲਦੇਵ ਸੀਹਰਾ



### .ਗਜ਼ਲ

ਤੁਰ ਪਿਆ ਕਿਰਸਾਨ ਹੈ,
ਹੱਕ ਮੰਨਾਉਣੇ ਦੇ ਲਈ।
ਹੱਥ ਵਿਚ ਝੰਡਾ ਹੈ,
ਦਿੱਲੀ 'ਤੇ ਝੁਲਾਉਣੇ ਦੇ ਲਈ।

ਜਿੱਤ ਦਾ ਪਰਚਮ ਕਦੇ,
ਝੁਕਣਾ ਨਹੀਂ ਪੰਜਾਬ ਵਿਚ,
ਯਤਨ ਭਾਵੇਂ ਸੌ ਕਰੇ,
ਹਾਕਮ ਝੁਕਾਉਣੇ ਦੇ ਲਈ।

ਅੱਤਵਾਦੀ ਤੇ ਹੈ ਹੋਰ ਬਹੁਤ ਕੁਝ,
ਉਹ ਸਾਨੂੰ ਕਹਿ ਰਿਹਾ,
ਅੰਨਦਾਤੇ ਨੂੰ ਉਹ,
ਵੱਖਵਾਦੀ ਵਿਖਾਉਣੇ ਦੇ ਲਈ।

ਗੱਲ ਗੱਲ 'ਤੇ ਉਹ ਹੈ, ਲੋਕਾਂ ਨੂੰ
ਇਉਂ, ਹੁਣ ਭਰਮਾ ਰਿਹਾ,
ਯਤਨ ਉਹ ਕਰਦੈ, ਵਰਗ ਇਕ ਨੂੰ ,
ਡਰਾਉਣੇ ਦੇ ਲਈ।

ਇਹ ਸਿਆਸਤ ਦੇਸ਼ ਦੀ, ਹੈ ਗੰਧਲ਼ੀ
ਯਾਰੋ ਬੜੀ,
ਆ ਗਿਆ ਹੈ ਵਕਤ ਹੁਣ, ਇਸ ਨੂੰ
ਹਟਾਉਣੇ ਦੇ ਲਈ।

ਵਿਤਕਰੇ ਸਾਰੇ ਛੱਡ ਕੇ,
ਖ਼ਲਕਤ ਇਕੱਠੀ ਹੋ ਗਈ,
ਦੇਸ਼ ਦੇ ਲੋਕੀਂ ਇਕ ਹਨ,
ਝਗੜੇ ਮਿਟਾਉਣੇ ਦੇ ਲਈ।

ਭੀੜ ਹੈ ਪੰਜਾਬ 'ਤੇ,
ਲਾਹੋ ਗੁਲਾਮੀ ਦੇ ਪਟੇ,
ਵਤਨ ਮੰਗਦਾ ਸੀਸ ਹੈ
ਜੂਲ਼ੇ ਨੂੰ ਲਾਉਣੇ ਦੇ ਲਈ।

ਵੱਖਵਾਦੀ ਨਾ ਮੈਂ, ਤੇ ਨਾ,
ਅੱਤਵਾਦੀ ਲੀਡਰੋ,
ਹਾਂ ਵਰੋਲ਼ਾ ਉੱਠਿਆ,
ਭਾਰਤ ਬਚਾਉਣੇ ਦੇ ਲਈ।

ਜਵਾਨ ਪੰਜਾਬ ਦਾ,
ਖੱਫਣ ਸਜਾ ਸਿਰ ਆ ਗਿਆ,
ਵੇਖਿਓ ਲੜਦਾ ਕਿਵੇਂ,
ਖੇਤੀ ਬਚਾਉਣੇ ਦੇ ਲਈ।

**ਬਲਦੇਵ ਸੀਹਰਾ**
**ਬੀ. ਸੀ., ਕੈਨੇਡਾ**

## ਨਜ਼ਮ

**ਦਵਿੰਦਰ ਬਾਂਸਲ**



## ਆਪਣੇ ਹੱਕਾਂ ਲਈ ਜੱਦੋ ਜਹਿਦ

ਹੱਕ ਸੱਚ ਲਈ ਲੜਨਾ
ਕੋਈ ਗੁਨਾਹ ਤਾਂ ਨਹੀਂ
ਜ਼ੁਲਮ ਦੇ ਅੱਗੇ ਖੜ੍ਹਨਾ
ਕੋਈ ਗੁਨਾਹ ਤਾਂ ਨਹੀਂ
ਗੁਨਾਹ ਤਾਂ ਓਦੋਂ ਹੈ ਜਦੋਂ
ਚੁੱਪਚਾਪ ਜ਼ੁਲਮ ਤੇ
ਜ਼ਬਰ ਸਹਿਆ ਜਾਵੇ
ਸਭ ਕੁਝ ਦੇਖਦੇ ਹੋਏ ਵੀ
ਅਣਜਾਣ ਰਿਹਾ ਜਾਵੇ
ਜਦੋਂ ਆਪਣੀ ਹਿੰਮਤ ਤੇ
ਯਕੀਨ ਮੁੱਕ ਜਾਵੇ
ਤੇ ਜਦੋਂ ਬਗ਼ਾਵਤ ਵੱਲ ਉੱਠਿਆ
ਕਦਮ ਰੁਕ ਜਾਵੇ
ਪਰ ਇਹ ਸਾਡੀ ਫ਼ਿਤਰਤ 'ਚ ਨਹੀਂ
ਅਸੀਂ ਗੋਬਿੰਦ ਪਾਤਸ਼ਾਹ ਦੇ ਜਾਏ ਹਾਂ
ਬੇਖ਼ੌਫ਼, ਬੇਪ੍ਰਵਾਹ
ਨਿਡਰ, ਬਹਾਦਰ
ਬੇਇਨਸਾਫ਼ੀ ਦਾ ਮੂੰਹ ਤੋੜਨ ਵਾਲੇ
ਤੇ ਅੱਤਿਆਚਾਰੀ ਦਾ ਸੰਘ
ਮਰੋੜਨ ਵਾਲੇ
ਅਸੀਂ ਨਹੀਉਂ ਡਰਦੇ
ਸਾਡੀ ਧਰਤ ਸਾਡੀ ਮਾਂ
ਤੇ ਅਸੀਂ ਇਸ ਧਰਤ ਦੇ ਲਾਲ
ਕਿੰਨਾ ਕੁ ਡੱਕੇਂਗੀ ਸਰਕਾਰੇ
ਆਖ਼ਿਰ ਨੂੰ ਹੋਵੇਗੀ ਬੇਹਾਲ
ਬਹਾਦਰੀ ਤੇ ਸਬਰ
ਸਾਡੀਆਂ ਰਗਾਂ 'ਚ
ਲਹੂ ਬਣ ਦੌੜਦਾ ਹੈ
ਤੇ ਅਸੀਂ ਮਰਨ ਤੱਕ ਥੱਕਦੇ ਨਹੀਂ
ਅਜ਼ਮਾ ਲੈ ਜਿੰਨਾ ਅਜ਼ਮਾਉਣਾ
ਅਸੀਂ ਦਿਆਂਗੇ ਤੈਨੂੰ
ਤੇਰੇ ਗੁਨਾਹਾਂ ਦਾ ਜਵਾਬ
ਮੂੰਹ-ਤੋੜ
ਕਥਨੀ ਵਿੱਚ ਤਾਂ ਸਾਰੇ
ਬੜੇ ਬਹਾਦੁਰ ਨੇ
ਕਰਨੀ ਵਿੱਚ ਜੂਝ ਮਰਨਾ
ਸਾਨੂੰ ਦਸਮ ਪਿਤਾ ਦਾ ਵਰਦਾਨ ਹੈ
ਜਿੱਤਾਂਗੇ ਜਾਂ ਲੜਾਂਗੇ
ਪਰ ਜੂਝਦੇ ਰਹਾਂਗੇ
ਆਖ਼ਰੀ ਦਮ ਤਕ।

**ਦਵਿੰਦਰ ਬਾਂਸਲ**
**ਟੋਰੰਟੋ, ਕੈਨੇਡਾ**

## ਬੋਲਿਆਂ/ਗ਼ਜ਼ਲ

## ਸੁਰਿੰਦਰਜੀਤ ਕੌਰ



### ਕਿਸਾਨ ਬੋਲੀਆਂ

ਨੰਗੇ ਪੈਰ ਚਿੱਕੜ ਤੇ ਖੋਭਾ,
ਮੋਰਚੇ 'ਚ ਬਾਪੂ ਡਟਿਆ।

ਝੰਡਾ ਬੇਬੇ ਨੇ ਕਿਸਾਨੀ ਵਾਲਾ
ਚੁੱਕਿਆ
ਰਾਹ ਵਿਚ ਵੰਡੇ ਪਿੰਨੀਆਂ।

ਅਸੀਂ ਮਾਈਆਂ ਰੱਬ ਰਜਾਈਆਂ
ਪੁੱਤਾਂ ਦੇ ਨਾਲ ਮੋਰਚੇ 'ਤੇ।

ਨੀ ਮੈਂ ਮੋਢੇ ਨਾਲ ਲਾ ਕੇ ਨਿਆਣਾ,
ਮਾਹੀਏ ਨਾਲ ਚੱਲੀ ਮੋਰਚੇ।

ਨੀ ਮੈਂ ਮੋਰਚੇ 'ਤੇ ਸਾਉਣ ਮਨਾਵਾਂ,
ਪੋਹ ਵਿੱਚ ਮੀਂਹ ਵਰ੍ਹਿਆ।

ਏਦਾਂ ਝੱਖੜ ਹਨੇਰੀ ਆਇਆ ਚੜ੍ਹ
ਕੇ,
ਤੰਬੂ ਮੇਰਾ ਉੱਡ ਨੀ ਗਿਆ।

ਜਿੱਤ ਪੈਰ ਚੁੰਮੇਗੀ ਬਾਪੂ ਤੇਰੇ
ਮਿਹਨਤਾਂ ਨੂੰ ਬੂਰ ਪਊਗਾ।

ਬਾਪੂ ਮੋਰਚੇ 'ਚ ਪਾ ਗਿਆ ਸ਼ਹੀਦੀ
ਹੁਣ ਵਾਰੀ ਕੀਹਦੀ ਵੀਰਨਾ ?

ਸੜ ਜਾਣ ਤੇਰੀਆਂ ਬਦਨੀਤੀਆਂ ,
ਲੋਹੜੀ ਵਾਲੀ ਰਾਤ ਦਿੱਲੀਏ।

ਸੱਚ ਕੁਰਸੀ ਦੇ ਪਾਵੇ ਹੇਠ ਦੱਬਿਆ
ਆਵੇਗਾ ਭੂਚਾਲ ਦਿੱਲੀਏ।

### ਗ਼ਜ਼ਲ

ਦੀਵਿਆਂ ਨੇ ਜ਼ੁਲਮ ਹੁਣ
ਸਹਿਣਾ ਨਹੀਂ।
ਇਹ ਹਨੇਰਾ ਦੇਰ ਤੱਕ
ਰਹਿਣਾ ਨਹੀਂ।
ਅਣਕਹੇ ਨੇ ਬੋਲ ਤੇ ਅਰਮਾਨ ਵੀ,
ਚੁੱਪ ਸਾਡੀ ਨੇ ਵੀ
ਚੁੱਪ ਰਹਿਣਾ ਨਹੀਂ।
ਖੇਤਾਂ ਦੇ ਪੁੱਤਾਂ ਦੇ
ਕਾਤਿਲ ਕਾਫ਼ਰਾ,
ਪਹਿਨਿਆਂ ਕੁਫ਼ਰ ਹੈ
ਗਹਿਣਾ ਨਹੀਂ।
ਕਰ ਲੈ ਤੋਬਾ ਜ਼ਾਲਿਮਾਂ ਤੂੰ
ਜ਼ੁਲਮ ਤੋਂ,
ਜ਼ੁਲਮ ਹੁਣ ਮਜ਼ਲੂਮ ਨੇ
ਸਹਿਣਾ ਨਹੀਂ।
ਭੁਏ ਹੁੰਦੀ ਭੁੱਖ ਦੇ ਅਰਮਾਨ ਦੇਖ,
ਭੁੱਖ ਨੇ ਭੁੱਖੀ ਸਦਾ ਰਹਿਣਾ ਨਹੀਂ।
ਪਾ ਖਿਆਲਾਂ ਨੂੰ ਨਾ
ਪਿੰਜਰੇ ਵਿਚ ਕਦੇ,
ਵਿਚ ਕਲਾਵੇ ਪੌਣ ਨੇ ਰਹਿਣਾ ਨਹੀਂ।

**ਸੁਰਿੰਦਰਜੀਤ ਕੌਰ**
**ਕੈਨੇਡਾ**

## ਗ਼ਜ਼ਲ

### ਪ੍ਰੀਤ ਮਨਪ੍ਰੀਤ



## ਗ਼ਜ਼ਲ

ਇਨ੍ਹਾਂ ਨਦੀਆਂ 'ਚ ਹੁਣ ਇਹ ਵੀ
ਤਮਾਸ਼ਾ ਆਮ ਹੋਏਗਾ।
ਕਿ ਹਰ ਖਾਮੋਸ਼ ਤਲ ਹੇਠਾਂ
ਕੋਈ ਕੁਹਰਾਮ ਹੋਏਗਾ।

ਪਰਿੰਦੇ ਕਿਸ ਤਰ੍ਹਾਂ ਬੇਖ਼ੌਫ਼ ਹੋ
ਅੰਬਰ 'ਤੇ ਉੱਡਣਗੇ,
ਕਿਸੇ ਖ਼ਤਰੇ ਦਾ ਖ਼ਦਸ਼ਾ ।
ਜੇ ਸਵੇਰੇ-ਸ਼ਾਮ ਹੋਏਗਾ ।

ਅਸਾਡੀ ਸ਼ਹਿਰੀਅਤ ਹੈ ਕੀ,
ਹਾਂ ਕਿਹੜੇ ਦੇਸ ਦੇ ਵਾਸੀ,
ਅਸਾਂ ਬੇਵਤਨਿਆਂ ਦਾ
ਕੀ ਭਲਾ ਅੰਜ਼ਾਮ ਹੋਏਗਾ ।

ਕਦੋਂ ਤਕ ਗੋਲ਼ੀਆਂ ਦੇ
ਦਾਗ਼ ਰਹਿਣੇ ਨੇ ਚਿਨਾਰਾਂ 'ਤੇ,
ਕਦੋਂ ਤੱਕ ਚਮਨ ਵਿਚ
ਮਹਿਕਾਂ ਦਾ ਕਤਲੇਆਮ ਹੋਏਗਾ।

ਤੁਰੀ ਖੇਤਾਂ 'ਚੋਂ ਜੋ ਲਲਕਾਰ
ਪਹੁੰਚੀ ਰਾਜਧਾਨੀ ਤਕ,
ਚਿਰਾਂ ਤੱਕ ਹਰ ਗਲੀ ਵਿਚ
ਉਸ ਦਾ ਚਰਚਾ ਆਮ ਹੋਏਗਾ।

ਸ਼ਿਕਾਰੀ ਬਾਜ਼ ਨੂੰ ਜੇ ਇਉਂ ਹੀ
ਤੂੰ ਅਣਗੌਲਿਆਂ ਕੀਤਾ
ਤਾਂ ਹਰ ਮੋਈ ਚਿੜੀ ਦਾ ਸਿਰ
ਤੇਰੇ ਇਲਜ਼ਾਮ ਹੋਏਗਾ ।


**ਪ੍ਰੀਤ ਮਨਪ੍ਰੀਤ**
**ਸਰੀ, ਕੈਨੇਡਾ**
**604 715 5035**




## ਨਜ਼ਮ

## ਜੱਗੀ ਜਗਵੰਤ ਕੌਰ ਸਿੱਧੂ



### ਜਿੱਤ ਦੇ ਪਰਿੰਦੇ

ਵੇ ਸ਼ਾਸਕਾ!
ਵੇ ਰਾਕਸ਼ਾ,
ਇਸ ਸਦੀ ਦੇ ਖ਼ਲਨਾਇਕਾ !
ਨਿੱਤ ਚਿੱਲੇ ’ਤੇ
ਤੀਰ ਚਾੜ੍ਹਦੈਂ, ਹੰਕਾਰਦੈਂ, ਵੰਗਾਰਦੈਂ,
ਆਦਮ-ਬੋ, ਆਦਮ-ਬੋ ਕਰਦਾ,
ਪੈਰ ਜਿੱਧਰ ਵੀ ਪਾਈ ਜਾਵੇਂ
ਸਾਡੀ ਬੋਟੀ, ਬੋਟੀ ਚੂੰਡ ਕੇ
ਸ਼ਿਕਰਿਆਂ ਦੇ ਮੂੰਹ ਲਾਈ ਜਾਵੇਂ,
ਹੁਣ ਤੇਰੇ ਜ਼ਬਰ ਦੀ ਹੱਦ ਐ,
ਸਾਡੇ ਸਬਰ ਦੀ ਵੀ ਸੀਮਾ ਐ ,
ਨਹੀਂ!
ਹੁਣ ਨਹੀਂ ਨਿਸ਼ਾਨਾ ਸੇਧਣ ਦੇਣਾ।
ਸਾਡੇ ਖੇਤਾਂ ਖਲਵਾੜਾਂ ਦਾ।

ਇਸ ਮਿੱਟੀ ਵਿੱਚ ਮੁੜ੍ਹਕਾ ਮਹਿਕੇ
ਕਿਰਤੀ, ਮਜ਼ਦੂਰਾਂ, ਕਿਰਸਾਨਾ ਦਾ।
ਇਸ ਮਿੱਟੀ ਵਿੱਚ ਖ਼ੂਨ ਮਹਿਕਦੈ
ਸਾਡੇ ਦੇਸ਼ ਦੇ ਵੀਰ ਜਵਾਨਾਂ ਦਾ।
ਵੇ ਹਾਕਮਾ!

ਤੇਰੇ ਹੁਕਮ ਦੀ ਤਾਮੀਲ
ਜੇ ਅੱਜ ਹੋਏਗੀ
ਤਾਂ ਆਉਣ ਵਾਲੇ ਵਕਤ ਵਿੱਚ
ਸਾਡੀ  ਫ਼ਸਲ, ਨਸਲ ਰੋਏਗੀ,
ਨਹੀਂ!
ਸੌਦਾ ਅਸੀਂ  ਹੋਣ ਨਹੀਂ ਦੇਣਾ
ਜ਼ਮੀਨਾਂ ਅਤੇ ਜ਼ਮੀਰਾਂ ਦਾ।

ਸਾਡੇ ਏਕੇ ਵਿੱਚ ਨੇ ਬਰਕਤਾਂ,
ਸਾਨੂੰ ਖ਼ੌਫ਼ ਨਹੀਂ ਤੇਰਿਆਂ ਤੀਰਾਂ ਦਾ।
ਸਾਨੂੰ ਪਾਣੀ ਉੱਤੇ ਲੀਕ ਨਾ ਸਮਝੀਂ ,
ਜੋ ਸਹਿਜੇ ਹੀ ਮਿਟ ਜਾਵਾਂਗੇ,
ਪੱਥਰ  ਉੱਤੇ ਲੀਕ ਦੇ ਵਾਂਗੂੰ
ਹਰ ਪਲ ਨਜ਼ਰੀਂ ਆਵਾਂਗੇ।

ਅੱਜ ਦੇ ਬੀਜ ਕੱਲ੍ਹ ਪੁੰਗਰ ਆਉਣੇ
ਤੇ ਪਰਸੋਂ ਅਸੀਂ ਫ਼ੁੱਲ ਬਣਾਂਗੇ,
ਫ਼ਿਰ ਮਹਿਕਾਂ ਨੂੰ ਰੋਕੇਂਗਾ ਕਿੰਜ ?
ਪੌਣਾਂ ਵਿੱਚ ਘੁਲ ਜਾਵਾਂਗੇ।
ਹੱਕ ਸੱਚ ਦੀ ਆਵਾਜ਼
ਅੱਜ ਸਭ ਦੀ ਆਵਾਜ਼ ਬਣੀ,
ਬਣ ਜੱਗ ਦੀ ਆਵਾਜ਼
ਕਣ-ਕਣ ’ਚ ਸਮਾਵਾਂਗੇ।
ਧਰਮਾਂ, ਨਸਲਾਂ ਤੇ ਫ਼ਿਰਕਿਆਂ ਦੀ
ਪਾਬੰਦ ਹੁਣ ਪਰਵਾਜ਼ ਨਹੀਂ
ਜੱਗੀ ਬਣਕੇ ਪਰਿੰਦੇ ਜਿੱਤ ਦੇ
ਅਸੀਂ ਅੰਬਰਾਂ ਨੂੰ ਛੂਹ ਆਵਾਂਗੇ।

**ਜੱਗੀ ਜਗਵੰਤ ਕੌਰ ਸਿੱਧੂ**
**ਟੋਰੰਟੋ, ਕੈਨੇਡਾ**
**+1 (647) 740-5362**

## .ਗਜ਼ਲ
## ਬਲਵੀਰ ਢਿੱਲੋਂ



ਆ ਗਏ ਆਂ ਹਾਕਮਾ ,
ਬਣਕੇ ਤੂਫਾਨ ਵੇ ।
ਵੇਖ ਸਾਡੇ ਜਿਗਰੇ,
ਖੜੇ ਬਣ ਕੇ ਚੱਟਾਨ ਵੇ।

ਸੋਚੀਂ ਨਾ ਕਿਤੇ ਅਸੀਂ,
ਐਵੇਂ ਡਰ ਜਾਵਾਂਗੇ।
ਦੇਸ਼ ਕੌਮ ਆਪਣੀ ਲਈ
ਜਾਨਾ ਵਾਰ ਜਾਵਾਂਗੇ।

ਤੇਰੇ ਵਾਂਗ ਨਹੀਓਂ ਅਸੀਂ
ਰਾਜਿਆ ਮੱਕਾਰ ਵੇ।
ਵੇਖ ਬਦਨੀਤੀਆ,
ਸਾਡੀ ਕੌਮ ਦੀ ਨੁਹਾਰ ਵੇ।

ਜੁ.ਲਮ ਤੇਰੇ ਦੇ ਹੁਣ,
ਬੰਨ ਅਸੀਂ ਤੋੜਾਂਗੇ।
ਪਾਈਆਂ ਜੋ ਤੂੰ ਭਾਜੀਆਂ ਵੇ
ਕੱਲੀ ਕੱਲੀ ਮੋੜਾਂਗੇ।

ਜਾਂਦੇ ਨਹੀਓਂ ਖਾਲੀ ਹੱਥ,
ਲੈ ਕੇ ਜਾਵਾਂਗੇ ਇਨਸਾਫ਼ ਵੇ
ਵੇਖ ਜ਼ਰਾ ਹਾਕਮਾ ਵੇ
ਕਿਸਾਨ ਗਿਆ ਜਾਗ ਏ।

ਜਵਾਨ ਬੱਚਾ ਬੁੱਢਾ ਤੈਨੂੰ
ਅੱਜ ਰਿਹਾ ਵੰਗਾਰ ਵੇ।
ਚਾਲਾਂ ਤੇਰੀਆਂ ਨੂੰ ਹੁਣ
ਜਾਣੇ ਸਾਰਾ ਸੰਸਾਰ ਵੇ।

ਆ ਗਏ ਆਂ ਰਾਜਿਆ ,
ਬਣ ਕੇ ਤੂਫ਼ਾਨ ਵੇ ।
ਵੇਖ ਸਾਡੇ ਜਿਗਰੇ,
ਖੜ੍ਹੇ ਬਣ ਕੇ ਚੱਟਾਨ ਵੇ।

**ਬਲਵੀਰ ਢਿੱਲੋਂ**
**ਬ੍ਰਿਟਿਸ਼ ਕੋਲੰਬੀਆ, ਕੈਨੇਡਾ**



## ਨਜ਼ਮ

ਬਮਲਜੀਤ ਕੌਰ ਮਾਨ



### ਦਿੱਲੀ ਜਾ ਕੇ ਆਈ ਆਂ

ਮਨ 'ਚ ਸਕੂਨ ਪਰ
ਦਿਮਾਗ਼ 'ਚ ਖ਼ਰੂਦ ਏ,
ਅੱਗ ਦੇ ਭਾਂਬੜਾਂ 'ਚ
ਉੱਡਦਾ ਬਰੂਦ ਏ,
ਬਹਾਦਰਾਂ ਤੇ ਯੋਧਿਆਂ ਦਾ,
ਦਿਸਦਾ ਗਰੂਰ ਏ,
ਭਾਰਤੀ ਕਿਸਾਨਾਂ ਨੂੰ,
ਸੀਸ ਨਿਵਾਕੇ ਆਈ ਆਂ।
ਕੱਲ੍ਹ ਰਾਤ ਸੁਪਨੇ 'ਚ
ਦਿੱਲੀ ਜਾ ਕੇ ਆਈ ਆਂ।

ਚਾਰੇ ਪਾਸੇ ਵੇਖਿਆ,
ਭਖੇ ਜੋਸ਼ ਜਵਾਨੀ ਦਾ,
ਹੋਸ਼ ਪਰ ਕਾਇਮ ਏ
ਦੇਸ਼ ਦੀ ਕਿਸਾਨੀ ਦਾ,
ਡਰ ਪਿਆ ਲੱਗਦਾ ਸੀ
ਕਰਨ ਨਾਦਾਨੀ ਨਾ,
ਵੱਡਿਆਂ ਵਪਾਰੀਆਂ ਦੇ
ਭੋਗ ਪਾ ਕੇ ਆਈ ਆਂ।
ਕੱਲ੍ਹ ਰਾਤ ਸੁਪਨੇ 'ਚ
ਦਿੱਲੀ ਜਾ ਕੇ ਆਈ ਆਂ।

ਦਿਨ ਰਾਤ ਇਕ ਕੀਤਾ
ਬਾਬਿਆਂ ਤੇ ਭਾਈਆਂ ਨੇ ।
ਚਾਰੇ ਪਾਸੇ ਦਿਸਦੀਆਂ
ਮਾਈ ਭਾਗੋ ਜਾਈਆਂ ਨੇ,
ਸਟੇਜਾਂ ਮੂਹਰੇ ਝੰਡੇ ਚੁੱਕੀ
ਬੈਠੀਆਂ ਮਾਈਆਂ ਨੇ ।
ਸੂਰਮੇ ਦੀ ਵਾਰ ਸੁਣ,
ਜਾਗੋ ਵੀ ਕਢਾਕੇ ਆਈਆਂ।
ਕੱਲ੍ਹ ਰਾਤ ਸੁਪਨੇ
ਦਿੱਲੀ ਜਾ ਕੇ ਆਈ ਆਂ।

ਬੈਠੇ ਵਿਦੇਸ਼ੀ ਪਰ
ਜਾਨ ਸਾਡੀ ਵਿਚ ਦੇਸ਼ ਏ,
ਤੇਰੇ ਵਾਂਗੂੰ ਦਿੱਲੀਏ ਨੀ
ਬਦਲੇ ਨਾ ਕਾਲੇ ਭੇਸ ਏ,
ਪੋਹ ਮਾਘ ਰਾਤਾਂ 'ਚ
ਇਹ ਲਈ ਬੈਠੇ ਖੇਸ ਏ,
ਸਾਰੀ ਰਾਤ ਠੰਢ ਠਾਰੀਆਂ 'ਚ
ਗੁਜ਼ਾਰ ਆਈ ਆਂ।

ਕੱਲ੍ਹ ਰਾਤ ਸੁਪਨੇ 'ਚ
ਦਿੱਲੀ ਜਾ ਕੇ ਆਈ ਆਂ।

ਖ਼ੂਨ ਸੀ ਉੱਬਲਦਾ ਤੇ
ਕੰਨਾਂ ਵਿੱਚੋਂ ਸੇਕ ਸੀ ।
ਕਿਰਤੀ ਬਾਬਿਆਂ ਦੀ ਵਾਰਾਂ ਦੀ
ਲੰਮੀ ਹੇਕ ਸੀ,
ਚਾਰੇ ਪਾਸੇ ਅਨਹਦ ਰਾਗ ਦਾ
ਬਿਬੇਕ ਸੀ,
ਰਾਜਿਆਂ ਮੁਕੱਦਮਾ ਦੀ ਮਕਾਣ
ਜਾ ਕੇ ਆਈ ਆਂ।
ਕੱਲ੍ਹ ਰਾਤ ਸੁਪਨੇ 'ਚ
ਦਿੱਲੀ ਜਾ ਕੇ ਆਈ ਆਂ।

ਸਾਨੂੰ ਰੋਟੀ ਤੋਂ ਆਤੁਰ
ਸਰਕਾਰੇ ਕਰਨ ਤੁਲੀ ਏਂ,
ਲੋਕਤੰਤਰ ਬਾਰੇ,
ਪੜ੍ਹ ਇਤਿਹਾਸ ਸਾਡੇ,
(ਲੋਕਾਂ ਦਾ, ਲੋਕਾਂ ਦੁਆਰਾ,
ਲੋਕਾਂ ਲਈ) ਕਿਉਂ ਭੁੱਲੀ ਏਂ,
ਤੈਨੂੰ ਕਾਲੇ ਕਾਰਨਾਮੇ
ਯਾਦ ਕਰਵਾਉਣ ਆਈ ਆਂ।
ਕੱਲ੍ਹ ਰਾਤ ਸੁਪਨੇ 'ਚ
ਦਿੱਲੀ ਜਾ ਕੇ ਆਈ ਆਂ।

ਸਿਰਲੱਥ ਯੋਧਿਆਂ ਦੇ
ਮੁੱਖੜਿਆਂ 'ਤੇ ਸ਼ਬਾਬ ਏ,
ਜੰਗ-ਏ-ਆਜ਼ਾਦੀ ਯੋਧਿਓ!
ਸਭ ਦਾ ਇਹ ਖ਼ਾਬ ਏ,
ਸ਼ਹੀਦਾਂ ਦੀ ਲਾਟ 'ਤੇ
ਵਿਸਮਾਦ ਵਿਸਮਾਦ ਏ,
ਕਾਰਵਾਂ ਸ਼ਹੀਦਾਂ ਨੂੰ
ਸ਼ਰਧਾਂਜਲੀ ਦੇ ਆਈ ਆਂ।
ਕੱਲ੍ਹ ਰਾਤ ਸੁਪਨੇ 'ਚ
ਦਿੱਲੀ ਜਾ ਕੇ ਆਈ ਆਂ।

ਹਿੰਦੂ, ਮੁਸਲਿਮ, ਸਿੱਖ, ਇਸਾਈ,
ਭਾਈ ਭਾਈ ਦਾ ਨਾਹਰਾ ਲਾ,
ਮੱਧ ਪ੍ਰਦੇਸ਼ੀ, ਰਾਜਸਥਾਨੀ,
ਜਾਟ ਭਾਈਚਾਰੇ ਨਾਲ ਮਿਲਾ,
ਦੇਸ਼ ਦਿਆਂ ਗ਼ੱਦਾਰਾਂ ਦਾ
ਹੁੱਕਾਪਾਣੀ ਬੰਦ ਕਰਾਂ,
ਸਾਣ 'ਤੇ ਕਲਮ ਲਾ, ਕਾਫ਼ਲਾ
ਕਲਮਾਂ ਦਾ ਤੋਰ ਆਈ ਆਂ।
ਕੱਲ੍ਹ ਰਾਤ ਸੁਪਨੇ 'ਚ
ਦਿੱਲੀ ਜਾ ਕੇ ਆਈ ਆਂ।

**ਬਮਲਜੀਤ ਕੌਰ ਮਾਨ**
**ਟੋਰੰਟੋ, ਕੈਨੇਡਾ**
**+919465230501**

## ਨਜ਼ਮ

### ਸੁਖਿੰਦਰ



## ਕਿਸਾਨ

ਕਿਸਾਨ ਦਾ ਧਰਮ ਨਾ ਪੁੱਛੋ
ਕਿਸਾਨ ਦੀ ਜਾਤ ਨਾ ਪੁੱਛੋ
ਕਿਸਾਨ ਦੀ ਬੋਲੀ ਨਾ ਪੁੱਛੋ
ਕਿਸਾਨ ਦਾ ਸਭਿਆਚਾਰ ਨਾ ਪੁੱਛੋ

ਉਸਦੀ ਪਹਿਚਾਣ–
ਖੇਤਾਂ 'ਚ ਡੁੱਲ੍ਹ ਰਿਹਾ
ਉਸਦਾ ਪਸੀਨਾ ਹੈ
ਉਸਦੀ ਪਹਿਚਾਣ–
ਖੇਤਾਂ 'ਚ ਲਹਿਲਹਾਂਦੀਆਂ ਫ਼ਸਲਾਂ ਹਨ
ਉਸਦੀ ਪਹਿਚਾਣ–
ਮੰਡੀਆਂ 'ਚ ਰੁਲ ਰਹੇ
ਉਸਦੇ ਸੁਫ਼ਨੇ ਹਨ

ਉਸਦੀ ਪਹਿਚਾਣ–
ਹੰਕਾਰੀ ਗਾਇਕਾਂ ਦੇ ਗੀਤਾਂ 'ਚ
ਨਹੀਂ ਉਸਦੀ ਪਹਿਚਾਣ–
ਮੋਢਿਆਂ ਤੇ ਰੱਖੀਆਂ
ਦੋਨਾਲੀ ਬੰਦੂਕਾਂ 'ਚ ਨਹੀਂ
ਉਸਦੀ ਪਹਿਚਾਣ–
ਮਹਿੰਗੀਆਂ ਬਦੇਸ਼ੀ ਕਾਰਾਂ 'ਚ ਨਹੀਂ

ਕਿਸਾਨ ਦੀ ਯਾਦ, ਉਦੋਂ ਆਉਂਦੀ ਹੈ
ਜਦੋਂ, ਅਸੀਂ, ਅੰਤਾਂ ਦੀ ਭੁੱਖ ਨਾਲ
ਚੀਖ਼ ਰਹੇ ਹੁੰਦੇ ਹਾਂ

ਕਿਸਾਨ ਦੀ ਯਾਦ, ਉਦੋਂ ਆਉਂਦੀ ਹੈ
ਜਦੋਂ, ਦੇਸ ਵਿੱਚ,
ਕਾਲ ਪੈ ਜਾਣ ਸਦਕਾ
ਲਾਸ਼ਾਂ ਦੇ ਅੰਬਾਰ ਲੱਗ ਜਾਂਦੇ ਹਨ

ਕਿਸਾਨ ਦੀ ਯਾਦ, ਉਦੋਂ ਆਉਂਦੀ ਹੈ
ਜਦੋਂ, ਅਨਾਜ ਖ਼ਾਤਿਰ, ਸਾਨੂੰ
ਬਦੇਸ਼ਾਂ ਅੱਗੇ ਝੋਲੀ ਅੱਡਣੀ ਪੈਂਦੀ ਹੈ

ਹਕੂਮਤਾਂ, ਜਦੋਂ
ਨਾਦਰਸ਼ਾਹੀ, ਲੁੱਟ ਮਚਾਂਦੀਆਂ ਹਨ
ਤਾਂ, ਉਹ, ਕਿਸਾਨਾਂ ਨੂੰ ਹੀ
ਸਭ ਤੋਂ ਪਹਿਲਾਂ,
ਗੁਲਾਮੀ ਦੇ
ਸੰਗਲਾਂ ਵਿੱਚ,
ਕੈਦ ਕਰਦੀਆਂ ਹਨ

ਕਿਉਂ ਜੁ, ਉਹ ਜਾਣਦੀਆਂ ਹਨ,
ਅਨਾਜ ਦੇ ਭੰਡਾਰ
ਹਕੂਮਤ ਦੀ ਕੈਦ ਵਿੱਚ ਹੋਣਗੇ
ਤਾਂ, ਜਨਤਾ ਦੀ ਗਿੱਚੀ
ਉਹ, ਕਿਸੀ ਵੀ ਪਲ
ਮਰੋੜ ਸਕਣਗੇ ।

**ਸੁਖਿੰਦਰ**
**ਲੰਡਨ, ਕੈਨੇਡਾ**

## ਨਜ਼ਮ

## ਪਰਮਿੰਦਰ ਕੌਰ ਸਵੈਚ



ਇਤਿਹਾਸ ਦੀ ਇਬਾਰਤ
ਸਾਡੇ ਸਮਿਆਂ ਵਿੱਚ
ਜਦੋਂ ਹਕੂਮਤਾਂ ਦੇ ਤਖ਼ਤਾਂ ਤੋਂ
ਜਾਰੀ ਹੋਈਆਂ 'ਮਨ ਕੀਆਂ ਬਾਤਾਂ'
ਤਖ਼ਤਗਾਹਾਂ ਦੇ ਅੰਦਰ
ਮਿਥਿਹਾਸ ਨੂੰ ਰਲ਼ਗੱਡ ਕਰ
ਇਤਿਹਾਸ ਲਿਖਣ ਲੱਗੀਆਂ
ਵਹੀ ਖਾਤਿਆਂ ਵਿੱਚ
ਹਾਕਮ ਰਾਤੋ-ਰਾਤ ਫ਼ੈਸਲੇ ਐਲਾਨ ਦੇ
'ਤੇ ਥੋਪ ਦਿੰਦੇ ਦਿਨ ਚੜ੍ਹਨ 'ਤੇ
ਲੋਕਾਂ ਦੇ ਮੂੰਹ ਰਹਿ ਜਾਂਦੇ ਅੱਡੇ।

ਫਿਰ ਲੋਕਾਈ ਦਾ ਕਾਫ਼ਲਾ ਉੱਠਿਆ
ਦਰਿਆਵਾਂ ਦੇ ਵਹਿਣ ਵਾਂਗ ਵਗਿਆ
ਹੱਦਾਂ ਬੰਨੇ ਤੋੜ, ਖਾਈਆਂ ਪੂਰ
ਬਣਾਉਂਦਾ ਗਿਆ ਰਾਹ
ਫ਼ੈਲਦਾ ਗਿਆ ਤਰਲ ਵਾਂਗ
ਚਾਰ ਚੁਫੇਰੇ
ਛੱਡਦਾ ਗਿਆ ਨਿਵੇਕਲੀਆਂ ਪੈੜਾਂ
ਵੱਸ ਗਏ ਇੱਕੋ ਦਿਨ ਸੜਕਾਂ ਦੁਆਲੇ
ਟਰਾਲੀਆਂ ਵਿੱਚ ਪੂਰੇ ਸੂਰੇ
ਨਿੱਕੇ ਨਿੱਕੇ ਘਰ , ਕਬੀਲੇ

ਰੋਹ ਦੀ ਮਿਸ਼ਾਲ ਜਗਮਗ ਹੋ ਉੱਠੀ
ਮਨੁੱਖੀ ਹੋਂਦ ਨੂੰ ਬਰਕਰਾਰ
ਰੱਖਣ ਲਈ
ਸਮਾਜਿਕ ਬੁਰਾਈਆਂ ਤੋਂ ਦੂਰ
ਸਭਿਆਚਾਰਕ ਰਿਸ਼ਤਿਆਂ ਦੀ
ਕੁੰਡਲ਼ੀ ਮਾਰ
ਜ਼ਿੰਦਗੀਆਂ ਵਿੱਚ ਜੀਵਨ ਧੜਕਿਆ
ਦਿੱਲੀ ਦੇ ਚਾਰੇ ਪਾਸੇ
ਨਵਾਂ ਇਤਿਹਾਸ
ਜੋ ਕਲਮਾਂ ਨੇ ਹੂ-ਬ-ਹੂ
ਕੋਰੇ ਕਾਗ਼ਜ਼ ਦੇ ਪੰਨਿਆਂ 'ਤੇ
ਵਕਤ ਦੀ ਹਿੱਕ 'ਤੇ ਲਿਖ ਧਰਿਆ।

ਹੁਣ 'ਮਨ ਕੀਆਂ ਬਾਤਾਂ' ਦਾ
ਇਤਿਹਾਸ
ਪੈ ਗਿਆ ਸੀ ਫਿੱਕਾ
ਪਹੁੰਚ ਗਿਆ ਸੀ
ਬਗਾਵਤੀ ਸਮੇਂ ਦੇ ਵਿਚਕਾਰ
ਖ਼ੁਦਕੁਸ਼ੀ ਦੀ ਕਗਾਰ ਤੇ
ਕਿਉਂਕਿ ਲਿਖਣ ਤੇ ਸਿਰਜਣ ਵਿੱਚ
ਹੁੰਦਾ ਹੈ ਅੰਤਰ
ਇਤਿਹਾਸ ਸਿਰਫ ਹਕੂਮਤਾਂ ਵੱਲੋਂ
ਵਹੀ ਖਾਤਿਆਂ ਵਿੱਚ ਦਰਜ਼
ਕਾਗ਼ਜ਼ਾਂ ਤੇ ਲਿਖਵਾਏ ਅੱਖਰ ਹੀ
ਨਹੀਂ ਹੁੰਦੇ
ਸਗੋਂ ਲੋਕਾਂ ਦੇ ਇਤਿਹਾਸ ਨੂੰ
ਧਰਤੀ ਦੀ ਹਿੱਕ 'ਤੇ
ਸਮਾਂ ਵੀ ਅੰਕਿਤ ਕਰਦਾ ਹੈ।

**ਪਰਮਿੰਦਰ ਕੌਰ ਸਵੈਚ**
**ਬੀ. ਸੀ., ਕੈਨੇਡਾ**
**+16047604794**

## ਨਜ਼ਮ

ਸੁਖਜੀਤ ਕੌਰ



### ਨਾਕਾਬਿਲੇ ਬਰਦਾਸ਼ਤ

ਹੁਣ ਇਨਕਲਾਬ ਆਏਗਾ
ਬਦਲੇਗੀ ਦਾਸਤਾਂ
ਹਵਾ ਹੈ ਤੇਰੇ ਜ਼ੁਲਮ ਦੇ
ਖ਼ਿਲਾਫ ਚੱਲ ਪਈ
ਇਹ ਤਖ਼ਤੋ-ਤਾਜ ਅਰਸ਼ ਤੋਂ
ਆਉਣੇ ਨੇ ਫ਼ਰਸ਼ ਤੇ
ਜਨਤਾ ਤੇਰੇ ਦਰਬਾਰ ਦੇ
ਬੂਹੇ ’ਤੇ ਆ ਖੜੀ ।

### ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ

ਅੱਜ ਰਾਹਾਂ ਵਿੱਚ ਕਿਰਸਾਨ ਹੈ
ਅੱਜ ਖੇਤ ਕਿਓਂ ਸੁੰਨਸਾਨ ਹੈ
ਇਹ ਕੇਹੀ ਰੁੱਤ ਅਵੱਲੜੀ
ਇਹ ਕੇਹਾ ਦਰਦ ਹੰਢਾ ਰਹੀ
ਇਸ ਰੁੱਤੇ ਧਰਤ ਹੈ ਮੌਲਦੀ
ਇਸ ਰੁੱਤੇ ਬੀਜ ਹੈ ਪੁੰਗਰਦਾ
ਇਸ ਰੁੱਤੇ ਪੌਣ ਹੈ ਮਹਿਕਦੀ
ਇਸ ਰੁੱਤੇ ਪੰਛੀ ਚਹਿਕਦੇ
ਇਹ ਰੁੱਤ ਫੁੱਲਾਂ ਦੇ ਖਿੜਣ ਦੀ
ਇਹ ਰੁੱਤ ਹੈ ਨਿੱਘੀ ਧੁੱਪ ਦੀ
ਇਹ ਰੁੱਤ ਅੱਜ ਕਿਉਂ ਉਦਾਸ ਹੈ
ਇਹ ਕੇਹਾ ਦਰਦ ਹੰਢਾ ਰਹੀ ?

ਸੁਖਜੀਤ ਕੌਰ
ਓਂਟਾਰਿਓ, ਕੈਨੇਡਾ



## ਨਜ਼ਮ

ਰਾਜਿੰਦਰ ਸੇਖੋਂ



ਮੈਂ ਕਿਸਾਨ ਪੰਜਾਬ ਦਾ
ਤੂੰ ਕਿਰਤੀ ਹਰਿਆਣੇ ਦਾ
ਆ ਰਲ ਮਿਲ ਪਾਈਏ ਭੋਗ
ਇਸ ਫਿਰਕੂ ਲੋਟੂ ਲਾਣੇ ਦਾ
ਮਜ਼ਦੂਰ ਯੂਪੀ ਦਾ ਚਾਹੇ ਬਿਹਾਰੀ ਏ
ਸਦੀਆਂ ਤੋਂ ਸਾਡੀ ਯਾਰੀ ਏ
ਕਦੇ ਬੰਗਾਲੀਆਂ ਨੂੰ ਇਹ ਕੁੱਟਦੇ ਨੇ
ਕਦੇ ਝਾਰਖੰਡ ਨੂੰ ਲੁੱਟਦੇ ਨੇ
ਕਦੇ ਬੰਬ ਕਸ਼ਮੀਰ ਵਿਚ ਸੁੱਟਦੇ ਨੇ
ਆ ਰਲ ਮਿਲ਼ ਜੋਟੀ ਪਾ ਲਈਏ
ਹੁਣ ਧਰਮਾਂ, ਜਾਤਾਂ ਵਿਚ ਨਾ ਪਈਏ
ਸੰਘ ਘੁੱਟ ਦੇਈਏ ਇਸ ਲੋਟੂ ਲਾਣੇ ਦਾ
ਮੈਂ ਕਿਸਾਨ ਪੰਜਾਬ ਦਾ
ਤੂੰ ਕਿਰਤੀ ਹਰਿਆਣੇ ਦਾ
ਕਦੇ ਦੰਗੇ ਗੁਜਰਾਤ 'ਚ ਕਰਾਉਂਦੇ ਨੇ
ਮਹਾਰਾਸ਼ਟਰ 'ਚ ਵੀ ਡਾਂਗ ਵਰਾਉਂਦੇ ਨੇ
ਛੱਤੀਸਗੜ੍ਹ ਵਿਚ ਮੁਕਾਬਲੇ ਬਣਾਉਂਦੇ ਨੇ
ਪੂਰੇ ਅਸਾਮ ਨੂੰ ਵੇਚਣਾ ਚਾਹੁੰਦੇ ਨੇ
ਕਤਲੇਆਮ ਦਿੱਲੀ ਵਿਚ ਕਰਾਉਂਦੇ ਨੇ
ਹਿੰਦੀ, ਹਿੰਦੂ, ਹਿੰਦੋਸਤਾਨ ਇਹ ਗਾਉਂਦੇ ਨੇ
ਆ ਕਰੀਏ ਅੰਤ ਇਸ ਤਾਣੇ ਬਾਣੇ ਦਾ
ਮੈਂ ਕਿਸਾਨ ਪੰਜਾਬ ਦਾ
ਤੂੰ ਕਿਰਤੀ ਹਰਿਆਣੇ ਦਾ
ਆਂਧਰਾ ਤੇ ਅਰੁਣਾਚਲ ਨੂੰ ਵੀ ਵੇਚਣਾ ਚਾਹੁੰਦੇ ਨੇ
ਤੇਲੰਗਾਨਾ ਨੂੰ ਵੀ ਅਜ਼ਮਾਉਂਦੇ ਨੇ
ਕਦੇ ਰਾਜਸਥਾਨੀਆਂ ਨੂੰ ਭਰਮਾਉਂਦੇ ਨੇ
ਤ੍ਰਿਪੁਰਾ 'ਚ ਲੈਨਿਨ ਦੇ ਬੁੱਤ ਢਾਉਂਦੇ ਨੇ
ਕੇਰਲਾ,ਕਰਨਾਟਕ ਨੂੰ ਹਿੰਦੀ ਸਿਖਾਉਂਦੇ ਨੇ
ਭੜਥੂ ਮਣੀਪੁਰ, ਮੇਘਾਲਿਆ 'ਚ ਵੀ ਪਾਉਂਦੇ ਨੇ
ਕਦੇ ਤਾਮਿਲਨਾਡੂ ਵਿਚ ਦਨਦਨਾਉਂਦੇ ਨੇ
ਭਾਈਵਾਲ ਏਹੇ ਨੇ ਜੋਕਾਂ ਦੇ
ਤੇ ਕੁਝ ਨੀ ਲੱਗਦੇ ਲੋਕਾਂ ਦੇ
ਸੰਘ ਘੁੱਟ ਦੇਈਏ ਇਸ ਲੋਟੂ ਲਾਣੇ ਦਾ
ਮੈਂ ਕਿਸਾਨ ਪੰਜਾਬ ਦਾ
ਤੂੰ ਕਿਰਤੀ ਹਰਿਆਣੇ ਦਾ

ਰਾਜਿੰਦਰ ਸੇਖੋਂ
ਵਿਨੀਪੈੱਗ, ਕੈਨੇਡਾ
+1 (204) 990 8015

ਗ਼ਜ਼ਲ

## ਮਹਿਮਾ ਸਿੰਘ ਤੂਰ



### ਗ਼ਜ਼ਲ

ਜਿੱਤ ਦਾ ਫਲਸਫਾ ਦਿਸੇ ਮੈਨੂੰ ,
ਰੋਹ ਦਾ ਜ਼ਾਬਤਾ ਦਿਸੇ ਮੈਨੂੰ ।

ਔਕੜਾਂ ’ਚੋਂ ਗੁਜ਼ਰ ਰਿਹਾ ਕੋਈ,
ਹੱਕ ਦਾ ਕਾਫ਼ਲਾ ਦਿਸੇ ਮੈਨੂੰ ।

ਕੂੜ ਦੇ ਹਰ ਨਵੇਂ ਪੁਲੰਦੇ ਦਾ,
ਉਖੜਦਾ ਚੌਖਟਾ ਦਿਸੇ ਮੈਨੂੰ ।

ਹਰ ਬਲੀਦਾਨ ਹੀ ਕਿਸਾਨਾਂ ਦਾ,
ਸੱਚ ਦਾ ਹਾਸ਼ੀਆ ਦਿਸੇ ਮੈਨੂੰ ।

ਏਕਤਾ ਨੂੰ ਨਵੀਂ ਦਿਸ਼ਾ ਦਿੰਦਾ,
ਇਕ ਸਹੀ ਜ਼ਾਵੀਆ ਦਿਸੇ ਮੈਨੂੰ ।

ਕੰਧ ਨੇਰ੍ਹੇ ਦੀ ਤੋੜਦਾ ਹੋਇਆ,
ਸਿਦਕ ਦਾ ਮੋਰਚਾ ਦਿਸੇ ਮੈਨੂੰ ।

ਸੁਬਹ ਹੁੰਦੀ ਹੈ ਜਾਪਦੀ ਆਖ਼ਰ,
ਭਾਨ ਹੁਣ ਚਮਕਦਾ ਦਿਸੇ ਮੈਨੂੰ ।

**ਮਹਿਮਾ ਸਿੰਘ ਤੂਰ**
**ਬੀ. ਸੀ., ਕੈਨੇਡਾ**






## ਨਜ਼ਮ

### ਜਸਪਾਲ ਸਿੰਘ



## ਮੈਂ ਪੰਜਾਬ

ਰੱਬ ਵੀ ਸੱਚਾ ਤੂੰ ਵੀ ਸੱਚਾ,
ਸੱਚਾ ਸਭ ਸੰਸਾਰ ।

ਵਾਹਗੇ ਦੇ ਉਸ ਪਾਰ ਵੀ ਮੈਂ ਹਾਂ।
ਮੈਂ ਹੀ ਹਾਂ ਇਸ ਪਾਰ ।

ਇੱਧਰ ਉੱਧਰ ਦੋਵੇਂ ਪਾਸੇ।
ਧਰਮ ਦੇ ਠੇਕੇਦਾਰ ।

ਲੱਤਾਂ ਫੜ੍ਹ-ਫੜ੍ਹ ਪਾੜਨ ਮੈਨੂੰ ।
ਮੈਂ ਫਸਿਆ ਵਿਚਕਾਰ ।

ਪਾਟੋ ਧਾੜੀ ਹੋਈਆਂ ਚੀਖਾਂ।
ਕੋਈ ਨਾ ਸੁਣੇ ਪੁਕਾਰ ।

ਉਹ ਮੇਰੇ ਇਹ ਮੈਂ ਅਪਣਾਏ।
ਦੋਵੇਂ ਖ਼ੁਦ ਖ਼ੁੱਦਾਰ ।

ਮੈਂ ਬਚਾਏ ਮੈਨੂੰ ਰੋਲਣ,
ਲੱਗੇ ਹਰ ਪ੍ਰਕਾਰ ।

ਨਾਨਕ, ਬੁੱਧ,
ਫਰੀਦ ਤੇ ਬੁੱਲਾ,
ਮੁੜ ਮੁੜ ਕਰਨ ਵੀਚਾਰ ।

ਕਿੱਦਾਂ ਪੰਜ ਦਰਿਆਵਾਂ ਨੂੰ,
ਅੱਜ ਜੋੜੀਏ ਗੰਢਾਂ ਮਾਰ ।

ਸੜਕਾਂ 'ਤੇ ਅੱਜ ਰੋਲਣਾ ਚਾਹੁੰਦੇ ,
ਇਹ ਸਾਡੀ ਦਸਤਾਰ ।

ਉਹ ਵੀ  ਚੁੱਪ ਚੁਪੀਤੇ ਵੇਖਣ,
ਕੋਈ ਨਾ ਲੈਂਦਾ ਸਾਰ ।

ਸਮਝ ਆ ਗਿਆ ਕਿਉਂ ਬਾਪੂ ਨੇ,
ਬਖ਼ਸ਼ੀ ਸੀ ਤਲਵਾਰ ।

ਚੱਲ ਬਈ ਉੱਠ ਪੰਜਾਬ ਸਿੰਹਾਂ,
ਮਾਰ ਜ਼ਰਾ ਲਲਕਾਰ ।

ਦੇਰੀ ਕਿਤੇ ਨਾ ਹੋ ਜਾਏ,
ਜੇ ਬਹਿ ਰਿਹਾ ਲੱਤਾਂ ਪਸਾਰ ।

ਪਹਿਲਾਂ ਬੋਲੀ ,
ਤੇ ਹੁਣ ਧਰਤ ਨੂੰ ਝਾਕੇ ,
ਦੁਸ਼ਮਣ ਹੈ ਹੁਸ਼ਿਆਰ।

ਆਤਮ ਚਿੰਤਨ ਮੰਗ ਸਮੇਂ ਦੀ
ਕਰ ਹੁਣ ਸੋਚ ਵੀਚਾਰ।

ਅਣਖ਼ ਸ਼ਹਾਦਤ ਗਹਿਣੇ ਤੇਰੇ ,
ਜਾਣੇ ਕੁਲ ਸੰਸਾਰ।

ਕਲਮ ਅਤੇ ਕਿਰਪਾਨ ਉਠਾ ਕੇ
ਜਾਲਮ ਨੂੰ ਵੰਗਾਰ

ਬਣੂੰ ਇਤਿਹਾਸ ਗਵਾਹ ਦੇਸੂਵੀ
ਫੇਰ ਤੇਰਾ ਇਸ ਵਾਰ

**ਜਸਪਾਲ ਸਿੰਘ**
**ਓਂਟਾਰੀਓ, ਕੈਨੇਡਾ**

## ਨਜ਼ਮ

## ਹਰਜਿੰਦਰ ਸਿੰਘ ਜਿੰਦਾ



ਮੈਂ ਧਰਤੀ ਨਾਲ ਜੁੜਿਆ ਕਿਸਾਨ
ਜ਼ਾਲਮ ਸਰਕਾਰੇ,
ਮੈਂ ਕਿਸਾਨ ਗਾਣਿਆਂ ਵਾਲਾ ਨਹੀਂ।
ਮੈਂ ਖੇਤਾਂ ਵਿਚ ਹਲ ਵਾਹੁਣ ਵਾਲਾ
ਜ਼ਾਲਮ ਸਰਕਾਰੇ,
ਮੈਂ ਕਚਿਹਰੀਆਂ, ਠਾਣਿਆਂ ਵਾਲਾ
ਨਹੀਂ।
ਮੈ ਹੱਕ ਸੱਚ ਲਈ ਆਇਆ ਹਾਂ
ਦਿੱਲੀ ਜ਼ਾਲਮ ਸਰਕਾਰੇ,
ਮੈ ਕੋਈ ਵੱਖਵਾਦੀ ਬਾਣਿਆਂ ਵਾਲਾ
ਨਹੀਂ।
ਮੈਂ ਨਾਨਕ ਦੇ ਬੋਲਾ ਵਾਂਗ ਹਾਂ ਖੁੱਲ੍ਹੀ
ਕਿਤਾਬ ਜ਼ਾਲਮ ਸਰਕਾਰੇ,
ਮੈਂ ਕੋਈ ਉਲਝੇ ਤਾਣਿਆਂ ਵਰਗਾ
ਨਹੀਂ।
ਮੈਂ ਢਿੱਡ ਭਰਨ ਵਾਲਾ ਸੰਸਾਰ ਦਾ
ਜ਼ਾਲਮ ਸਰਕਾਰੇ,
ਮੈਂ ਖੋਹ ਕੇ ਖਾਣ ਵਾਲੇ ਜਿੱਦੀ
ਨਿਆਣਿਆਂ ਵਰਗਾ ਨਹੀਂ।
ਮੈਂ ਦਰਖ਼ਤ ਹਾ ਡੂੰਘੀਆਂ ਜੜ੍ਹਾਂ ਵਾਲਾ
ਜ਼ਾਲਮ ਸਰਕਾਰੇ,
ਮੈਂ ਹਵਾ ਨਾਲ ਟੁੱਟਣ ਵਾਲੇ
ਟਾਹਣਿਆਂ ਵਰਗਾ ਨਹੀਂ।
ਮੈਂ ਆਪਣੇ ਹੱਕ ਲਈ ਮਰ ਵੀ
ਜਾਵਾਂਗਾ ਜਾਲਮ ਸਰਕਾਰੇ,
ਮੈਂ ਬੇਦੋਸ਼ੇ ਮਾਰੂ ਬੇਗ਼ੈਰਤ ਜਰਵਾਣਿਆਂ
ਵਰਗਾ ਨਹੀਂ।
ਮੈਂ ਆਪਣੇ ਹੱਕ ਲੈ ਕੇ ਜਾਵਾਂਗਾ
ਜਾਲਮ ਸਰਕਾਰੇ,
ਮੈਂ ਝੁੱਕ ਜਾਊਂ ਤੇਰੇ ਅੱਗੇ ।
ਬੁਝੈ ਅੰਗਾਰਿਆਂ ਵਰਗਾ ਨਹੀਂ।
ਮੈਂ ਅਣਖ ਲਈ ਜਿਉਂਦਾ ਹਾਂ ਜਾਲਮ
ਸਰਕਾਰੇ,
ਮੈਂ ਕੋਈ ਝੋਲੀ ਚੁੱਕ, ਗੱਦਾਰ
ਲਾਣਿਆਂ ਵਰਗਾ ਨਹੀਂ।

**ਹਰਜਿੰਦਰ ਸਿੰਘ ਜਿੰਦਾ**
**ਬਰੈਂਪਟਨ, ਕੈਨੇਡਾ**



## ਨਜ਼ਮ

### ਬਖ਼ਸ਼ ਸੰਘਾ



ਕੋਈ ਕਰੀਏ ਉਪਾਅ ਲੋਕਾ
ਸੁਖ-ਚੈਨ ਖੰਭ ਲਾ ਗਿਆ
ਵਗੀ ਕਿਹੋ ਜਹੀ ਹਵਾ ਲੋਕਾ

ਮੁੱਲ ਪੈਣ ਨਾ ਦਲੀਲਾਂ ਦੇ
ਹਾਕਮਾਂ ਦੀ ਕਹਿਣੀ ਕਰਨੀ
ਵਿੱਚ ਫ਼ਾਸਲੇ ਮੀਲਾਂ ਦੇ

ਵਪਾਰਾਂ ਦੀਆਂ ਬੋਲੀਆਂ ਨੇ
ਸੱਧਰਾਂ ਉਜਾੜ ਦਿੱਤੀਆਂ
ਸ਼ੈਤਾਨਾਂ ਦੀਆਂ ਟੋਲੀਆਂ ਨੇ।

ਖੂਹ ਖਾਤੇ ਭਰਦੇ ਨੇ
ਪੱਜ ਪਾਉਂਦੇ ਸੇਵਾ ਦਾ
ਵਕਾਲਤ ਪਾਪਾਂ ਦੀ ਕਰਦੇ ਨੇ

ਲੋਟੂਆਂ ਦੀ ਬਣੇ ਚਾਂਦੀ
ਭੈੜੀ ਲੁੱਟ ਮੇਹਨਤਾਂ ਦੀ
ਉਮਰਾਂ ਹੀ ਖਾ ਜਾਂਦੀ

ਜਾਮਾ ਮੈਂ ਦਾ ਪਾਇਆ ਏ
ਸਾਂਝੇ ਸਵਾਲਾਂ ਦਾ
ਕੋਈ ਉੱਤਰ ਨਾ ਆਇਆ ਏ

ਜੋ ਨਾਸੂਰ ਬਣ ਬਹਿੰਦਾ ਏ
ਭਲਿਓ ਵੇ ਲੋਕੋ
ਆਖਰ ਕੱਟਣਾ ਹੀ ਪੈਂਦਾ ਏ

ਕੰਮ ਲੋਕਾਂ ਲਈ ਕਰ ਜਾਂਦੇ
ਲੋਕਾਂ ਲਈ ਜੋ ਜੀਂਵਦੇ
ਲੋਕਾਂ ਵਾਸਤੇ ਹੀ ਮਰ ਜਾਂਦੇ

ਹਰ ਸਾਂਝ ਪੁਗਾ ਜਾਂਦੇ
ਸਮੇਂ ਦੀ ਨਰੋਈ ਦਿੱਖ ਲਈ
ਜਿੰਦ ਦਾਅ 'ਤੇ ਲਾ ਜਾਂਦੇ

**ਬਖ਼ਸ਼ ਸੰਘਾ**
**ਟੋਰੰਟੋ, ਕੈਨੇਡਾ**



## ਨਜ਼ਮ

## ਲਖਵਿੰਦਰ ਸਿੰਘ ਗਿੱਲ



### ਜੂਝਦੇ ਕਿਸਾਨ ਨੂੰ

ਜਦੋਂ ਲਾਈਏ ਹਕੂਮਤਾਂ ਨਾਲ ਮੱਥਾ
ਕਿਵੇਂ ਕਾਇਦੇ ਨੂੰ ਪੜ੍ਹੀਦੈ,
ਤੂੰ ਦੱਸਿਆ

ਜਦੋਂ ਭੱਜਦੇ ਪੱਲਾ ਛੁਡਾ ਸਾਰੇ
ਹੱਥ ਹਿੰਮਤ ਦਾ ਫੜੀਦਾ,
ਤੂੰ ਦੱਸਿਆ

ਜਦੋਂ ਗ਼ੈਰਤ ਨੂੰ ਕੋਈ ਲਲਕਾਰਦਾ ਹੈ
ਹਿੱਕ ਤਾਣ ਕੇ ਖੜ੍ਹੀਦੈ,
ਤੂੰ ਦੱਸਿਆ

ਘਰ ਛੱਡ ਕੇ ਸੜਕਾਂ ’ਤੇ ਸੌਂ ਭੁੰਜੇ
ਕਿੱਦਾਂ ਹੱਕ ਲਈ ਲੋੜੀਂਦੈ,
ਤੂੰ ਦੱਸਿਆ

ਦੀਵਾ ਕੁੱਲ ਦਾ ਗੁੱਲ ਸੀ ਹੋਣ ਲੱਗਾ
ਕਿਰਨ ਆਸ ਦੀ ਬਣਕੇ ਬਹੁੜਿਆ ਤੂੰ

ਜਿਹੜਾ ਕਾਇਦੇ ਕਾਨੂੰਨਾਂ ਨੂੰ ਟਿੱਚ
ਜਾਣੇ
ਓਸ ਹਾਕਮ ਦੀ ਹੈਂਕੜ ਨੂੰ ਤੋੜਿਆ
ਤੂੰ

ਜੀਹਦੇ ਖ਼ੂਨ ’ਚ ਤੋੜਨਾ, ਭੰਨਣਾ ਹੈ
ਆ ਉਸੇ ਦਾ ਕੰਨ ਮਰੋੜਿਆ ਤੂੰ

ਲਿਖਿਆ ਜਾਵੇਗਾ ਸਮੇਂ ਦੀ ਹਿੱਕ
ਉੱਤੇ
‘ਟੁੱਟ ਗਇਆਂ ਨੂੰ ਫਿਰ ਤੋਂ ਜੋੜਿਆ
ਤੂੰ ’

### ਹੋਂਦ

ਜੇ ਮੁੱਦਾ ਹੋਂਦ ਦਾ ਹੋਇਆ
ਤਾਂ ਤੀਰਾਂ ਵਾਂਗ ਟੱਕਰਾਂਗੇ
ਅਸੀਂ ਬੈਠੇ ਨਹੀਂ ਇੱਥੇ
ਉੱਡਦੇ ਬਾਜ ਵੇਖਣ ਨੂੰ......

ਲਖਵਿੰਦਰ ਸਿੰਘ ਗਿੱਲ
ਵੈਨਕੂਵਰ, ਕੈਨੇਡਾ
+919779944476

## ਨਜ਼ਮ

## ਸ਼ਿੰਦ ਸ਼ਿੰਦਰ



### ਮਨ ਕੀ ਬਾਤ

ਰੋਹ ਗਿੱਟੇ-ਗਿੱਟੇ
ਗੋਡੇ ਗੋਡੇ
ਅੱਪੜ ਗਿਆ ਹੁਣ ਮੋਢੇ ਮੋਢੇ ।
ਸੁਣ
ਵੇ ਹਾਕਮ
ਦਿੱਲੀ ਦਿਆ
ਦਿੱਲੀ ਤੇਰੇ 'ਖਸਮ ਦੀ '

ਇਹ ਤਾਂ ਓਸੇ ਦੀ
ਜਿਸਨੇ ਤੇਗ ਨਹੀਂ ਵਾਹੀ
ਪਰ ਵਕਤ ਦੇ ਸੀਨੇ 'ਚ
ਕਰ ਗਿਆ ਛੇਕ
ਅੱਖ ਦੇ ਤੇਜ ਨਾਲ
ਵਕਤ ਦਾ ਸ਼ਹਿਨਸ਼ਾਹ
ਗੁਰੂ ਤੇਗ ਬਹਾਦੁਰ ।
ਮਜਲੂਮਾਂ ਦਾ ਰਾਖਾ
ਤੇ ਸੱਭ ਦਾ " ਖਸਮ "

ਅਸੀਂ ਓਸੇ ਦੇ ਵਾਰਿਸ ।
ਤੂੰ ਹੋਰ ਸੁਣ
ਹੁਣ
ਮੇਰੇ ਮਨ ਕੀ ਬਾਤ
ਕਿ ਅਸੀਂ ਓਸ ਦੇ ਵਾਰਿਸ
ਜਿਸ ਕਿਹਾ ਸੀ
" ਚੂੰ ਕਾਰ ਅੱਜ ਹਮਾਂ ਹੀਲਤੇ
ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ
ਬ ਸ਼ਮਸ਼ੀਰ ਦਸਤ "

ਸ਼ਿੰਦ ਸ਼ਿੰਦਰ
ਓਂਟਾਰੀਓ, ਕੈਨੇਡਾ



## ਗ਼ਜ਼ਲ

## ਰਾਜਵੰਤ ਰਾਜ



### ਕਿਸਾਨ ਮੋਰਚੇ ਨੂੰ ਸਮਰਪਿਤ

ਆਪਣੇ ਹੱਕ ਲੈਣ ਖ਼ਾਤਰ ਕਾਫਲੇ
ਖੇਤਾਂ ’ਚੋਂ ਉੱਠੇ
ਕੰਬੀਆਂ ਗੁਸਤਾਖ ਪੌਣਾਂ, ਜ਼ਲਜ਼ਲੇ
ਖੇਤਾਂ ’ਚੋਂ ਉੱਠੇ

ਅਕਲਾਂ ਵਾਲੇ ਲੁਕ ਗਏ ਜਦ ਡਰ ਕੇ
ਸ਼ਾਹੀ ਘੁਰਕੀਆਂ ਤੋਂ
ਛੱਡ ਕੇ ਰੰਬੇ, ਦਾਤੀਆਂ ਫਿਰ
ਮਨਚਲੇ ਖੇਤਾਂ ’ਚੋਂ ਉੱਠੇ

ਆਉਂਦਿਆਂ ਸਮਿਆਂ ’ਚ ਲੋਕੀ
ਪਾਉਣਗੇ ਰਾਤਾਂ ਨੂੰ ਬਾਤਾਂ
ਕਿਸ ਤਰ੍ਹਾਂ ਕੁਰਬਾਨੀਆਂ ਦੇ ਵਲਵਲੇ
ਖੇਤਾਂ ’ਚੋਂ ਉੱਠੇ

ਧੁੱਪ ਫਿੱਕੇ ਕਰ ਗਈ ਜਦ ਨੀਲਿਆਂ
ਤੇ ਚਿੱਟਿਆਂ ਨੂੰ
ਓਸ ਵੇਲੇ ਹੀ ਮੁਸਾਫ਼ਰ ਸਾਂਵਲੇ ਖੇਤਾਂ
’ਚੋਂ ਉੱਠੇ

ਨਾ ਜ਼ਮੀਨਾਂ ਰਹਿਣੀਆਂ ਤੇ ਨਾ ਹੀ
ਸੱਭਿਆਚਾਰ ਰਹਿਣਾ
ਜੇ ਨਾ ਹੁਣ ਖੇਤਾਂ ਦੇ ਪੁੱਤਰ ਲਾਡਲੇ
ਖੇਤਾਂ ’ਚੋਂ ਉੱਠੇ

ਜਦ ਹਕੂਮਤ ਆਪ ਸਾੜਨ ਲੱਗ
ਪਈ ਜਮਹੂਰੀਅਤ ਨੂੰ
ਭਾਂਬੜਾਂ ਤੇ ਵਰਨ ਲਈ ਫਿਰ ਮੇਘਲੇ
ਖੇਤਾਂ ’ਚੋਂ ਉੱਠੇ

ਰਾਜਵੰਤ ਰਾਜ
ਸਰੀ, ਕੈਨੇਡਾ



## ਗ਼ਜ਼ਲ

### ਅੰਮ੍ਰਿਤ ਦੀਵਾਨਾ



ਦਿੱਲੀ ਦੀ ਔਖ ਅੰਦਰ,
ਚੁਭਦਾ ਪੰਜਾਬ ਹਾਂ ਮੈਂ ।
ਬੇਬਾਕ ਸ਼ਰਫ ਜੀ ਦਾ ਸੜਦਾ ਗੁਲਾਬ
ਹਾਂ ਮੈਂ ।

ਸੰਤਾਂ ਦਾ ਸੂਫੀਆਂ ਦਾ,
ਸੁੰਦਰ ਖਵਾਬ ਹਾਂ ਮੈਂ ,
ਮਜ਼ਬਾਂ ਦੇ ਗੇੜ ਵਿੱਚ ਪਰ ,
ਬਣਿਆ ਅਜ਼ਾਬ ਹਾਂ ਮੈਂ ।

ਭਾਰਤ ਦੀ ਭੁੱਖ ਦਾ ਭਾਵੇਂ,
ਮੁੜਵਾਂ ਜਵਾਬ ਹਾਂ ਮੈਂ ,
ਹਾਕਮ ਦੀ ਅੱਖ ਵਿਚ
ਪਰ ਖਾਨਾ-ਖਰਾਬ ਹਾਂ ਮੈਂ ।

ਕਾਲੇ ਇਹ ਮੌਸਮਾਂ ਦੀ ਸਾਜ਼ਿਸ਼ ਜ਼ਰਾ
ਤਾਂ ਦੇਖੋ ,
ਇਤਿਹਾਸ ਦੇ ਬਦਨ 'ਤੇ ਭੁੱਲਾ
ਤੇਜ਼ਾਬ ਹਾਂ ਮੈਂ ।

ਜੋ ਫ਼ਿਕਰ ਹੀ ਨਹੀਂ ਤਾਂ,
ਨਾ ਸਾਰ ਲੈਣੀ ਮੇਰੀ ,
ਕਿਸਮਤ ਦੀ ਅੱਗ ਉੱਪਰ ਭੁੱਜਦਾ
ਕਬਾਬ ਹਾਂ ਮੈਂ ।

ਅਫ਼ਵਾਹ ਮਗਰ ਨਾ ਜਾਇਓ ,
ਮੇਰੇ ਵਤਨ ਦੇ ਲੋਕੋ ,
ਸੀਨਾ ਇਹ ਪਾੜ ਦੇਖ ,
'ਉਲਫਤ ਰਬਾਬ ' ਹਾਂ ਮੈਂ ।

**ਅੰਮ੍ਰਿਤ ਦੀਵਾਨਾ**
**ਸਰੀ, ਕੈਨੇਡਾ**



## ਨਜ਼ਮ

### ਗੁਰਚਰਨ ਕੌਰ ਥਿੰਦ



## ਅਣਖਾਂ ਦੇ ਵਾਰਿਸ

"ਪੰਜਾਬ ਦੇ ਜਾਇਆਂ ਨੂੰ ਸੁਣਦੇ ਆਂ
ਨਿੱਤ ਮੁਹਿੰਮਾਂ
ਔਝੜ ਭਰੇ ਰਾਹਾਂ ਦਾ ਉਹਨਾਂ ਸਿਰ ਹੈ
ਜ਼ਿੰਮਾਂ ।
ਸ਼ਮਸ਼ੀਰਾਂ ਦੇ ਵਾਰਸ ਸ਼ਮਸ਼ੀਰਾਂ
ਖੜਕਾਈਆਂ ਨੇ
ਮੂੰਹ ਜ਼ਾਬਰ ਦੇ ਮੋੜੇ ਗੁਰੂਆਂ ਦੇ
ਵਰੋਸਾਇਆਂ।
ਪੀਸਣ ਪੀਸੇ ਸੀ ਬੱਚਿਆਂ ਦੇ ਹਾਰ
ਪਵਾ
ਪਰ ਸਿਦਕੋਂ ਨਾ ਡੁੱਲੀਆਂ ਉਹ
ਸਿਦਕੀ ਮਾਵਾਂ ਨੇ।"
ਇਹ ਕਿੱਸੇ ਸੁਣਦੇ ਸੀ ਇਹ ਕੌਤਕ
ਲੱਗਦੇ ਸੀ
ਮੂੰਹ ਮੋੜ ਕੇ ਹੱਸਦੇ ਸੀ।
ਹੁਣ ਅੱਖੀਂ ਵੇਖ ਰਹੇਂ ਇਨ੍ਹਾਂ ਸਿਦਕੀ
ਲੋਕਾਂ ਨੂੰ
ਧਰਤੀ ਦੇ ਜਾਇਆਂ ਨੂੰ ਗੁਰੂਆਂ ਦੇ
ਵਰੋਸਾਇਆਂ ਨੂੰ।
ਇੱਕ ਯੋਧਾ ਜੰਮਿਆ ਸੀ
ਇੱਕ ਸੁਪਨ ਸੁਨਿਹਰੇ ਦਾ ਜਿਸ ਪੱਲਾ
ਫੜਿਆ ਸੀ
ਉਹ ਇੱਕ ਵਰਕਾ ਮੋੜ ਗਿਆ
ਅਜ਼ਾਦ ਫ਼ਿਜ਼ਾ ਖਾਤਰ ਜਦ ਫਾਂਸੀ
ਚੜ੍ਹਿਆ ਸੀ।
ਧਰਤੀ ਦੇ ਜਾਇਆਂ ਨੇ ਗੁਰੂਆਂ ਦੇ
ਵਰੋਸਾਇਆਂ ਨੇ
ਅੱਜ ਮੋੜੇ ਵਰਕੇ ਨੂੰ ਰਲ ਮਿਲ ਕੇ
ਖੋਲ੍ਹ ਲਿਆ।
ਜੋ ਰਿਹਾ ਅਧੂਰਾ ਸੀ ਉਹ ਸੁਪਨਾ
ਬੋਲ ਪਿਆ।
ਪੱਗਾਂ ਵੱਲ ਵਧਦੇ ਹੱਥਾਂ ਨੂੰ ਇਨ੍ਹਾਂ ਵੇਖ
ਤੇ ਘੋਖ ਲਿਆ।
ਸਿਰ ਜੋੜ ਕੇ ਬਹਿ ਗਏ ਨੇ ਉਹ ਰਤਾ
ਨਾ ਡਰਦੇ ਨੇ
ਤਕਦੀਰਾਂ ਬਦਲਣ ਦੀਆਂ ਤਦਬੀਰਾਂ
ਘੜਦੇ ਨੇ
"ਇਨ੍ਹਾਂ ਉੱਡਣੇ ਸੱਪਾਂ ਦੇ ਡੰਗਾਂ ਤੋਂ
ਨਹੀਂ ਡਰਦੇ
ਕੀਲ ਪਟਾਰੀ ਪਾਉਂਦੇ ਆਂ ਜਿੱਤਦੇ ਹਾਂ
ਨਹੀਂ ਹਰਦੇ
ਫਸਲਾਂ ਦੇ ਰਾਜੇ ਹਾਂ ਹਰਿਆਲੀ ਦੇ
ਵਣਜਾਰੇ
ਹਾਂ ਪੁੱਤ ਜ਼ਮੀਨਾਂ ਦੇ ਜ਼ਾਬਰ ਤੋਂ ਨਹੀਂ
ਡਰਦੇ।"

ਮਿੱਟੀ ਜੋ ਮਾਣ-ਮੱਤੀ
ਇਹ ਇੱਜ਼ਤ ਸਾਡੀ ਏ
ਇਹ ਮਾਣ ਅਸਾਡਾ ਏ
ਇਹ ਤਾਣ ਅਸਾਡਾ ਏ
ਇਸ ਭੂਮੀ-ਮਾਂ ਖਾਤਰ ਅਸੀਂ
ਲੜਨਾ ਜਾਣਦੇ ਹਾਂ
ਸ਼ਮਸ਼ੀਰਾਂ ਦੇ ਵਾਰਸ ਅਸੀਂ
ਖੜਨਾ ਜਾਣਦੇ ਹਾਂ
ਅਸੀਂ ਮਰਨਾ ਜਾਣਦੇ ਹਾਂ।"
ਇਨ੍ਹਾਂ ਹਰਿਆਂ ਭਰਿਆਂ ਨੇ
ਦਿੱਲੀ ਜਾ ਮੱਲ੍ਹੀ ਏ
ਵਕਤ ਦੇ ਹਾਕਮਾਂ ਨੂੰ ਪਾਈ ਤਰਥੱਲੀ
ਏ
ਨੀਲੇ ਅਕਾਸ਼ ਥੱਲ੍ਹੇ ਛਾਈ ਹਰਿਆਲੀ
ਏ
ਨਹੀਂ ਕੱਲ੍ਹੇ ਕਾਰੇ ਇਹ ਤੁਰੀ ਨਾਲ
ਲੋਕਾਈ ਏ
ਸ਼ਮਸ਼ੀਰਾਂ ਦੇ ਇਹ ਵਾਰਿਸ
ਗੁਰੂਆਂ ਦੇ ਵਰੋਸਾਏ
ਇਤਿਹਾਸ ਦੁਹਰਾਉਂਦੇ ਈ
ਨਹੀਂ, ਇਹ ਨਵਾਂ ਰਚਾਉਂਦੇ ਨੇ
ਅਣਖਾਂ ਦੇ ਇਹ ਵਾਰਿਸ
ਅਣਖਾਂ ਨਾਲ ਜਿਉਂਦੇ ਨੇ।

**ਗੁਰਚਰਨ ਕੌਰ ਥਿੰਦ**
**ਕੈਲਗਰੀ, ਕੈਨੇਡਾ**
**4034029635**






# ਹਾਇਕੂ

## ਬਿੰਦੂ ਮਠਾੜੂ



## ਹਾਇਕੂ

**1**

ਠੰਡੀਆਂ ਰਾਤਾਂ
ਟਰਾਲੀਆਂ ਤੇ ਤੰਬੂ
ਮਨ 'ਚ ਜੋਸ਼।

**2**

ਘੰਟਿਆਂ ਬੱਧੀ
ਮੀਟਿੰਗਾਂ ਹੀ ਚਲਣ
ਚਾਲਾਂ ਹੀ ਚਾਲਾਂ।

**3**

ਇਮਤਿਹਾਨ
ਜੀਵਨ ਸੰਘਰਸ਼
ਮਿੱਟੀ ਦਾ ਮੋਹ।

**4**

ਹੋ ਸਕਦਾ ਹੈ
ਬਦਲੇ ਸਾਰਾ ਢਾਂਚਾ
ਵੀਹ ਸੌ ਇੱਕੀ।

**5**

ਹੱਕਾਂ ਦੀ ਸਾਂਝ
ਪ੍ਰੇਮ ਭਾਈਵਾਲਤਾ
ਨਾ ਜ਼ਾਤ ਪਾਤ।

**6**

ਮਨ ਅਗਨ
ਇਤਿਹਾਸ ਲਿਖਦੇ
ਮੁੜਨਾ ਨਹੀਂ।

**7**

ਜ਼ਾਲਮ ਸੁਣ
ਹੈ ਹੱਕ ਬੋਲਣ ਦਾ
ਜੀਵਨ ਵਿੱਚ।

**8**

ਆਤਮਘਾਤ
ਆਪਣਿਆਂ ਦੀ ਪੀੜਾ
ਦੁਖੀ ਹਿਰਦਾ।

**ਬਿੰਦੂ ਮਠਾੜੂ**
**ਸਰੀ, ਕੈਨੇਡਾ**



# ਅਮਰੀਕਨ ਕਵੀ

## ਨਜ਼ਮ

ਸ਼ਸ਼ੀਪਾਲ ਸਮੁੰਦਰਾ



ਰਾਤ ਗੁਫ਼ਾ ਨਾ ਚੰਨ ਨਾ ਤਾਰਾ
ਚਾਰ ਚੁਫ਼ੇਰੇ ਵਲਗਣ, ਟੋਏ,
ਕਿਤੇ ਪਿਆ ਕੋਈ  ਬੋਲਡਰ ਭਾਰਾ,
ਦੂਰ ਖੂੰਖਾਰ ਕੁੱਤਿਆਂ ਦੀਆਂ ’ਵਾਜ਼ਾਂ
ਜਿਸਮ ਚੀਰਦਾ ਪਾਲੇ ਦਾ ਆਰਾ ।
ਸੜਕ ਕਿਨਾਰੇ, ਇੱਟਾਂ ਦਾ
ਬਣਾ ਸਿਰਹਾਣਾ
ਸੁੰਗੜਿਆ ਪਿਆ ਕੋਈ
ਸੁਪਨੇ ਦੇਖੇ:
ਮਾਛੀਵਾੜਾ ਤੇ ਝੱਖੜਿਆਂ ’ਤੇ ਸੁੱਤਾ
ਓਹਦਾ ਸਤਿਗੁਰ
ਕਹਿਰੀਆਂ ਰੁੱਤਾਂ, ਤੇ ਮੀਲਾਂ ਤਕ
ਜੰਗਲ ਸਾਰਾ
ਫਿਰ ਵੀ, ਸੀ ਯਾਰੜੇ ਦਾ ਓਹਨੂੰ
ਸੱਥਰ ਪਿਆਰਾ .....
ਅੱਖ ਖੁੱਲ੍ਹੀ ਤਾਂ ਤੱਕਿਆ :
ਜਗਮਗ ਜਗਮਗ,
ਆਸ਼ਾਵਾਂ ਦਾ ਸੂਰਜ ਮਘਦਾ,
ਕੋਈ ਨਹਾਵੇ, ਕੋਈ ਗਾਵੇ,
ਕੋਈ ਜਪੁਜੀ ਸਾਹਿਬ ਉਚਾਰਦਾ ।
ਕੋਈ ਚਾਹ ਦਾ ਪਿਆਲਾ ਪੀਵੇ
ਤੇ ਚੁੱਪ, ਕੋਈ ਡੂੰਘੀ ਗੱਲ
ਵਿਚਾਰਦਾ ।

ਫਿਰ ਮਤਿਆਂ ਦੀਆਂ ਗੱਲਾਂ
ਚੱਲੀਆਂ:
ਕਿਉਂ ਕੋਈ ਹੱਕਾਂ ’ਤੇ ਮਾਰੇ ਡਾਕੇ ?
ਕਿਉਂ ਕਿਰਤੀ ਫਾਂਸੀ ’ਤੇ ਲਟਕੇ !
ਕਿਉਂ ਨਾਬਰ ਹੋ ਬੈਠੇ ਹਾਕਮ
ਬਣ ਜ਼ਾਲਮ ਹਤਿਆਰੇ
ਅੱਜ ਕਰਨੇ ਇਹ ਨਿਤਾਰੇ ।

ਹਰੇ ਤੇ ਪੀਲੇ ਝੰਡੇ ਝੁੱਲਦੇ,
ਕਿਰਤ ਦੇ ਝੰਡੇ, ਹੱਕਾਂ ਦੇ ਝੰਡੇ
ਹੋਂਦ ਦੇ ਝੰਡੇ, ਮਾਣ ਦੇ ਝੰਡੇ
ਜੋਸ਼ ’ਚ ਆ ਉਹ ਉੱਠ ਖਲੋਤਾ
ਤੇ ਭੀੜ ਦੇ ਨਾਲ  ਕਦਮ ਮਿਲਾਉਂਦਾ
ਨਾਹਰੇ  ਲਾਉਂਦਾ ਤੁਰ ਪਿਆ
ਕਿਰਤੀ ਤੇ ਕਿਸਾਨ ! ਸਾਡਾ ਮਾਣ !
ਸਾਡੇ ਹੱਕ, ਏਥੇ ਰੱਖ !

ਇਨਕਲਾਬ ! ਜ਼ਿੰਦਾਬਾਦ !
ਇਨਕਲਾਬ ! ਜ਼ਿੰਦਾਬਾਦ !

ਸ਼ਸ਼ੀਪਾਲ ਸਮੁੰਦਰਾ
ਅਮਰੀਕਾ

## ਨਜ਼ਮ

### ਡਾ. ਸੁਖਪਾਲ ਸੰਘੇੜਾ



## ਦਿੱਲੀ ਦੀਏ ਸਰਕਾਰੇ

ਸੁਣ ਦਿੱਲੀ ਦੀਏ ਸਰਕਾਰੇ
ਤੇਰੇ ਸਾਡੇ ਵੈਰ ਕਰਾਰੇ
ਯੁੱਗੋਂ ਲੰਬੇ ਪਹਾੜੋਂ ਭਾਰੇ
ਕੱਚੀਆਂ ਗੜ੍ਹੀਆਂ ਮਹਿਲ ਮੁਨਾਰੇ
ਹਰ ਦਮ ਭਿੜਦੇ ਰਹਿਣੇ ਨੀ,
ਸੀਸ ਸਿੰਘਾਂ ਦੇ ਦਿੱਲੀ ਦੇ ਸੰਗ
ਮੁੜ ਮੁੜ ਖਹਿਣੇ ਨੀ।
ਵੈਰਨੇ,
ਸੀਸ ਅਸਾਂ ਦੇ ਜ਼ੁਲਮਾਂ ਦੇ ਸੰਗ
ਮੁੜ ਮੁੜ ਖਹਿਣੇ ਨੀ।

ਗੁਰੂ ਲੂੰਹਦੀ ਤਵੀ ਬਿਠਾ ਕੇ
ਪਰਖੇ ਅਰਜਨ ਦੇਵ ਇਰਾਦੇ
ਉੱਥੋਂ ਮੌਤ ਲੰਘੀ ਸ਼ਰਮਾ ਕੇ
ਗੁਰ ਸੀਅ ਨਾ ਕੀਤੀ ਨੀ।
ਵੈਰਨੇ,
ਜ਼ੁਲਮ ਸੰਗ ਭਿੜ ਕੇ ਦੀ ਲੋਕਾਂ ਨੇ
ਗੁੜਤੀ ਪੀਤੀ ਨੀ।

ਸਾਡਾ ਤੇਗ਼ ਬਹਾਦਰ ਸੂਰਾ
ਕਹਿਣੀ ਕਰਣੀ ਦਾ ਉਹ ਪੂਰਾ
ਤੋੜਨ ਲਈ ਗ਼ੁਲਾਮੀ ਜੂਲਾ
ਦਿੱਲੀ ਸੀਸ ਕਟਾਇਆ ਸੀ।
ਵੈਰਨੇ,
ਹਿੱਕ ਤੇਰੀ ’ਤੇ ਆਣ ਸ਼ਹੀਦੀ ਬੂਟਾ
ਲਾਇਆ ਸੀ।

ਸਾਡਾ ਗੋਬਿੰਦ ਰਣ ਵਿੱਚ ਗੜ੍ਹਕੇ
ਆਇਆ ਸੀਸ ਤਲੀ ’ਤੇ ਧਰਕੇ
ਸਾਰੀ ਮਿਹਨਤ ‘ਕੱਠੀ ਕਰਕੇ
ਮੁਕਤੀ ਘੋਲ ਰਚਾਇਆ ਸੀ,
ਕੱਚੀ ਗੜ੍ਹੀ ਨੇ ਲਾਲ ਕਿਲ੍ਹੇ ਨੂੰ ਕਾਂਬਾ
ਲਾਇਆ ਸੀ।
ਵੈਰਨੇ,
ਤੇਗ਼ਾਂ ਵਿੱਚੋਂ ਜੰਮਿਆ
ਘੋਲਾਂ ਵਿੱਚ ਸਮਾਇਆ ਸੀ।

ਸਾਡਾ ਸੰਤ ਬਹਾਦਰ ਬੰਦਾ
ਸੁੱਟੀ ਮਾਲਾ ਫੜਿਆ ਖੰਡਾ
ਚੁੱਕਿਆ ਲੋਕ ਯੁੱਧ ਦਾ ਝੰਡਾ
ਇੱਟ ਨਾਲ ਇੱਟ ਖੜਕਾਈ ਨੀ।
ਮੁਕਤੀ ਦੇ ਕਈ ਜੂਝ ਮਰਨ ਦੀ
ਜਾਚ ਸਿਖਾਈ ਨੀਂ।

ਵੈਰਨੇ,
ਮੁਕਤੀ ਦੇ ਕਈ ਜੂਝ ਮਰਣ ਦੀ ਜਾਚ
ਸਿਖਾਈ ਨੀ।

ਭਗਤ ਸਿੰਘ ਨੇ ਭੜਥੂ ਪਾ ਤੇ
ਸੁੱਟਿਆਂ ਬੰਬ ਅਸੰਬਲੀ ਜਾ ਕੇ
ਰੱਸਾ ਫ਼ਾਂਸੀ ਦਾ ਗਲ ਪਾ ਕੇ
ਮੌਤ ਨੂੰ ਗਲੇ ਲਗਾਇਆ ਨੀ।
ਇਨਕਲਾਬ ਦੇ ਨਾਹਰੇ
ਹਿੰਦੋਸਤਾਨ ਗੂੰਜਾਇਆ ਸੀ।
ਵੈਰਨੇ,
ਰਾਜਗੁਰੂ, ਸੁਖਦੇਵ ਨੇ ਪੂਰਾ ਸਾਥ
ਨਿਭਾਇਆ ਸੀ।

ਗੱਜੇ ਊਧਮ ਭਗਤ ਸਰਾਭੇ
ਬੱਬਰ ਅਕਾਲੀ ਗ਼ਦਰੀ ਬਾਬੇ
ਸੁੱਤੇ ਅਣਖਾਂ ਵਾਲੇ ਜਾਗੇ
ਕੁੱਟਿਆ ਲੋਟੂ ਢਾਣੀ ਨੂੰ।
ਚਾਲੂ ਰੱਖਿਆ ਲੋਕ ਯੁੱਧ ਦੀ
ਅਮਰ ਕਹਾਣੀ ਨੂੰ,
ਵੈਰਨੇ,
ਚਾਲੂ ਰੱਖਿਆ ਲੋਕ ਯੁੱਧ ਦੀ ਅਮਰ
ਕਹਾਣੀ ਨੂੰ।

ਯੋਧੇ, ਮਾਂ ਭਾਰਤ ਦੇ ਹੀਰੇ
ਨੂੜ੍ਹੇ ਜਿਸਮ ਤੇ ਅੰਗ ਨਪੀੜ੍ਹੇ
ਪੁਲਸੀ ਝੜਪਾਂ ਦੀ ਤਸਵੀਰੇ
ਤੈਨੂੰ ਵਾਹੁਣ ਸਰਕਾਰਾਂ ਹੀ।
ਆਜ਼ਾਦੀ ਦੀ ਭੇਂਟ ਚੜ੍ਹੇ
ਇੰਝ ਪੁੱਤ ਹਜ਼ਾਰਾਂ ਹੀ।
ਵੈਰਨੇ,
ਆਜ਼ਾਦੀ ਦੀ ਭੇਂਟ ਚੜ੍ਹੇ ਇੰਝ ਪੁੱਤ
ਹਜ਼ਾਰਾਂ ਹੀ।

ਜਿੱਥੇ ਲਹੂ ਲੋਕਾਂ ਦਾ ਡੁੱਲ੍ਹਦਾ
ਉੱਥੇ ਹੱਕ ਦਾ ਝੱਖੜ ਝੁੱਲਦਾ
ਬੇਗਮ ਤੋਂ ਬਦਲਾ ਲੈਣ ਦਾ ਭੁੱਲਦਾ
ਰੰਗ ਦਾ ਗੋਲਾ ਸਿੰਘਾਂ ਦਾ,
ਔਰੰਗੇ ਦੀ ਹੋਲੀ
ਮਗਰੇ ਹੋਲਾ ਸਿੰਘਾਂ ਦਾ।
ਸਾਥੀਓ,

ਅਸੀਂ ਹਓਕਿਆਂ ਵਿੱਚੋਂ ਜੰਮੇ
ਕਿਹੜਾ ਸਾਡਾ ਝੱਖੜ ਥੰਮੇ
ਅਸੀਂ ਰੰਘੜ ਖਾਂ ਕਈ ਭੰਨੇ
ਹਾਂ ਸੰਤਾਨ ਸ਼ਹੀਦਾਂ ਦੀ।
ਹੱਕ-ਸੱਚ ਦਾ ਝੰਡਾ ਹੀ
ਜਿੰਦ ਜਾਨ ਸ਼ਹੀਦਾ ਦਾ।
'ਪਾਲ' ਹੁਣ,
ਹੱਕ-ਸੱਚ ਵਾਲਾ ਝੰਡਾ ਹੀ
ਜਿੰਦ ਜਾਨ ਸ਼ਹੀਦਾ ਦੀ।

**ਡਾ. ਸੁਖਪਾਲ ਸੰਘੇੜਾ**
**ਕੈਲੇਫੋਰਨੀਆ, ਅਮਰੀਕਾ**

## ਨਜ਼ਮ

ਹਰਦਿਆਲ ਸਿੰਘ ਚੀਮਾ



ਸੁਣੇ ਲੀਡਰੋ ਦੇਸ਼ ਮੇਰੇ ਦਿਉ
ਤੁਸੀਂ ਬਦਨੀਤੇ ਪੱਕੇ!
ਅੰਨਦਾਤਾ ਅਖਵਾਵਣ ਵਾਲਾ
ਖਾਂਦਾ ਫਿਰਦਾ ਧੱਕੇ!
ਚੋਣਾਂ ਵੇਲੇ ਲਾ ਝੂਠੇ ਲਾਰੇ
ਤੁਸੀਂ ਵੋਟਾਂ ਲੈ ਤੁਰ ਜਾਂਦੇ ਹੋ,
ਚੰਡੀਗੜ੍ਹ ਵਿਚ ਜਾ ਬਹਿੰਦੇ ਹੋ ?
ਮੂੰਹ ਨਾ ਫੇਰ ਦਿਖਾਂਦੇ ਹੋ,
ਸੌਂਪ ਕਮਾਈ ਤੁਹਾਨੂੰ ਫਿਰ
ਇਹ ਥੋਡੇ ਹੱਥਾਂ ਵੱਲ ਤੱਕੇ !
ਅੰਨਦਾਤਾ ਅਖਵਾਵਣ ਵਾਲਾ ਖਾਂਦਾ
ਫਿਰਦਾ ਧੱਕੇ !

ਮੁਲਕ ਸਾਡੇ ਵਿਚ ਕਾਮਿਆਂ ਦਾ
ਤੁਸੀਂ ਹਾਲ ਕੀਤਾ ਏ ਮੰਦਾ ,
ਕਹੀ ਕੁਹਾੜੀ ਵੀ ਚੁੱਕ ਸਕਦਾ
ਅੱਕਿਆ ਥੱਕਿਆ ਬੰਦਾ,
ਸੋਚੋ ਬਣੂੰ ਕੀ ਥੋਡਾ ਇਨ੍ਹਾਂ ਦੇ ਜਦੋਂ
ਚੜ੍ਹ ਗਏ ਧੱਕੇ !
ਅੰਨਦਾਤਾ ਅਖਵਾਵਣ ਵਾਲਾ ਖਾਂਦਾ
ਫਿਰਦਾ ਧੱਕੇ ।

ਧਰਨਿਆਂ ਉੱਤੇ ਸਾਥ ਦਿੱਤਾ
ਹੁਣ ਗਾਇਕਾਂ ਤੇ ਗੀਤਕਾਰਾਂ,
ਬੋਲੀਆਂ ਕੰਨ ਲਪੇਟੀ ਬੈਠੀਆਂ
ਅੱਜ ਯਾਰੋ ਸਰਕਾਰਾਂ,
ਭਾਸ਼ਨ ਸੁਣ ਸੁਣ ਖੜ੍ਹੇ ਪੁਲਸੀਏ ਰਹਿ
ਗਏ ਹੱਕੇ ਬੱਕੇ !
ਅੰਨਦਾਤਾ ਅਖਵਾਵਣ ਵਾਲਾ
ਖਾਂਦਾ ਫਿਰਦਾ ਧੱਕੇ ।

ਕਈ ਦਿਨਾਂ ਤੋਂ ਹੱਕਾਂ ਦੇ ਲਈ
ਇਹ ਧਰਨਿਆਂ ਉੱਤੇ ਬੈਠੇ,
ਵਹਿਣੀਵਾਲੀਆ ਨੂੰ ਜਾਪੇ
ਜਿਉਂ ਮਰਨੇ ਦੇ ਉੱਤੇ ਬੈਠੇ,
ਕਰੀਂ ਤੁਹਾਡੇ ਆ ਪਹੁੰਚਣ ਜੇ
ਰੁਕਣਾ ਨਹੀਂ ਇਨ੍ਹਾਂ ਡੱਕੇ!
ਅੰਨ ਦਾਤਾ ਅਖਵਾਉਣ ਵਾਲਾ
ਖਾਂਦਾ ਫਿਰਦਾ ਤੱਕੇ ।

ਹਰਦਿਆਲ ਸਿੰਘ ਚੀਮਾ
ਸਿਆਟਲ, ਅਮਰੀਕਾ
206 734 0794

## ਨਜ਼ਮ

### ਸ਼ਿੰਦਰਪਾਲ ਸਿੰਘ



ਪੰਜਾਬ ਦੇ ਜਵਾਨਾ ਉੱਠ ਜਾਗ ਓਏ
ਕਿਸਾਨਾ !
ਤੂੰ ਤੇ ਜਿੱਤੇ ਅਫ਼ਗਾਨਾਂ ਦਿੱਲੀ
ਕਿਹੜਾ ਵੱਡੀ ਗੱਲ ਆ
ਪਰ ਹੁਣ ਤੇਰੇ ਮਸਲੇ ਦਾ
ਇੱਕੋ ਹੱਲ ਆ
ਲੈ ਕੇ ਸੂਈ ਤੋਂ ਜਹਾਜ਼
ਜੋ ਬਣਾਈ ਜਾਂਦੇ ਨੇ
ਮੂੰਹੋਂ ਮੰਗੀ ਕੀਮਤ ਉਹ
ਪਾਈ ਜਾਂਦੇ ਨੇ
ਪਰ ਕੌਡੀਆਂ ਦੇ ਭਾਅ ਤੇਰੀ
ਰੁਲ਼ਦੀ ਫ਼ਸਲ ਆ
ਹੁਣ ਤੇਰੇ ਮਸਲੇ ਦਾ
ਇੱਕੋ ਹੱਲ ਆ
ਪੈਣੀ ਕਰਨੀ ਲੜਾਈ
ਆਰ ਦੀ ਜਾਂ ਪਾਰ ਦੀ
ਰੱਖ ਹੌਂਸਲਾ ਹਕੂਮਤ ਤੂੰ
ਦੇਖੀਂ ਹਾਰਦੀ
ਹਰ ਕਿਰਤੀ ਵਪਾਰੀ
ਦੇਖ ਤੇਰੇ ਵੱਲ ਆ
ਪਰ ਹੁਣ ਤੇਰੇ ਮਸਲੇ ਦਾ
ਇੱਕੋ ਹੱਲ ਆ

ਇੱਕੋ ਧਿਰ ਨਿਵੀਂ ਜਾਵੇ
ਏਦਾਂ ਫ਼ੈਸਲੇ ਨਹੀਂ ਹੋਣੇ
ਕਿੰਨਾ ਚਿਰ ਦਿੱਲੀ ਮੂਹਰੇ
ਰੋਈ ਜਾਏਗਾ ਤੂੰ ਰੋਣੇ
ਦਿੱਲੀ ਸ਼ੁਰੂ ਤੋਂ ਉਧੇੜਦੀ
ਰਹੀ ਤੇਰੀ ਖੱਲ ਆ
ਪਰ ਹੁਣ ਤੇਰੇ ਮਸਲੇ ਦਾ
ਇੱਕੋ ਹੱਲ ਆ
ਐਮ. ਐਸ. ਪੀ. ਵੀ ਕਿਹੜਾ
ਤੇਰੇ ਦੁੱਖਾਂ ਦੀ ਆ ਦਾਰੂ
ਆਖੇ ਔਜਲਾ ਇਹ ਵੀ ਤਾਂ
ਤੈਨੂੰ ਇਕ ਦਿਨ ਮਾਰੂ
ਰੋਕ ਅਪਣੀ ਬਰਬਾਦੀ
ਤੇਰੇ ਕੋਲੇ ਬਲ ਆ
ਬੱਸ ਹੁਣ ਤੇਰੇ ਮਸਲੇ ਦਾ
ਇੱਕੋ ਹੱਲ ਆ

ਸ਼ਿੰਦਰਪਾਲ ਸਿੰਘ
ਸਿਆਟਲ, ਅਮਰੀਕਾ
+12069411041



## ਨਜ਼ਮ

## ਹਰਜਿੰਦਰ ਢੇਸੀ



## ਕਿਸਾਨਾ ਤਕੜਾ ਹੋ

ਤੇਰਾ ਬੋਹਲ ਚੁੱਕਣ ਨੂੰ ਆ ਗਏ ਚੋਰ,
ਕਿਸਾਨਾ ਤਕੜਾ ਹੋ !
ਸੁਣ ਗਲੀ ਗਲੀ ਵਿਚ ਪੈਂਦਾ ਸ਼ੋਰ,
ਜਵਾਨਾ ਤਕੜਾ ਹੋ !
ਤੇਰਾ ਬੋਹਲ ਚੱਕਣ ਨੂੰ ਆ ਗਏ ਚੋਰ,
ਕਿਸਾਨਾ ਤਕੜਾ ਹੋ !

ਚੁਣ ਚੁਣ ਜਿਹੜੇ ਭੇਜੇ ਸੀ
ਸਰਕਾਰਾਂ ਵਿਚ।
ਉਹ ਵੀ ਜਾ ਕੇ ਬਣ ਗਏ
ਡਾਕੂ ਡਾਰਾਂ ਵਿਚ।
ਹੁਣ ਆਪੇ ਸਾਰੇ
ਭੁਗਤਣਗੇ ਹਰਜਾਨਾ, ਤਕੜਾ ਹੋ।

ਇਹ ਲੰਮੀਆਂ ਤਕਸੀਮਾਂ ਨੇ,
ਇਹ ਉਲਝੀਆਂ ਜ਼ਰਬਾਂ ਨੇ।
ਤੇਰੇ ਪੱਲੇ ਬਚਦੇ ਧੇਲੇ
ਤੇ ਉਨਾਂ ਦੇ ਖ਼ਰਬਾਂ ਨੇ।
ਬਸ ਏਕਾ ਤੇਰੀ ਤਾਕਤ,
ਉੱਠ ਇਨਸਾਨਾ ਤਕੜਾ ਹੋ।

ਰੰਗਾਂ ਨਸਲਾਂ ਮਜ਼ਬਾਂ ਦੇ ਵਿਚ
ਵੰਡ ਕੇ ਲੁੱਟਦੇ ਨੇ।
ਸਾਨੂੰ ਭਰਮ ਭੁਲੇਖੇ ਦੇ ਕੇ
ਮੁੱਢ ਤੋਂ ਚੰਡ ਕੇ ਕੁੱਟਦੇ ਨੇ।
ਹੁਣ ਜਾਗ ਪਏ ਨੇ ਲੋਕੀਂ,
ਭੱਜ ਸ਼ੈਤਾਨਾ ਤਕੜਾ ਹੋ!

ਮਲਕ ਭਾਗੋਆਂ ਰਲ ਕੇ
ਲੁੱਟ ਮਚਾਈ ਅਜ਼ਲਾਂ ਤੋਂ।
ਮਿਹਨਤ ਦਾ ਹੱਕ ਖੋਹ ਕੇ
ਚੂਰੀ ਖਾਈ ਅਜ਼ਲਾਂ ਤੋਂ।
ਹੁਣ ਜੁੜ ਬੈਠੇ ਨੇ ਲਾਲੋ,
ਬੇਈਮਾਨਾ ਤਕੜਾ ਹੋ।

**ਹਰਜਿੰਦਰ ਢੇਸੀ**
**ਕੈਲੇਫੋਰਨੀਆ, ਅਮਰੀਕਾ**



## ਨਜ਼ਮ

## ਪਸ਼ੌਰਾ ਸਿੰਘ ਢਿੱਲੋਂ



## ਨਵਾਂ ਸਾਲ ਮੁਬਾਰਿਕ

ਅੱਜ ਲੜਾਈ ਆਰ ਲਈ ਜਾਂ ਪਾਰ
ਲਈ ।
ਉੱਤਮ ਖੇਤੀ ਲਈ ਜਾਂ ਭੀਖ-ਦੁਆਰ
ਲਈ ।
ਅੱਜ ਲੜਾਈ ਸਿਖਰਾਂ ਉਤੇ ਆਣ
ਚੜ੍ਹੀ ,
ਘਰ ਘਰ ਦੇਂਦੀ ਹੋਕਾ,
ਹਰ ਹੱਕਦਾਰ ਲਈ ।
ਇਹ ਲੜਾਈ ਖੇਤਾਂ ਦੇ,
ਗਲ਼ ਗਈ ਮੜ੍ਹੀ ,
ਗਲੀ ਮੁਹੱਲੇ ਚੁੱਲਿਆਂ ਅੰਦਰ, ਆਣ
ਵੜੀ ,
ਪਿੰਡ, ਗਰਾਂ ਤੇ ਸ਼ਹਿਰੀ ਹਰ
ਪਰਿਵਾਰ ਲਈ ।
ਇਹ ਨਹੀਂ ਸੀਮਤ ਕੇਵਲ
ਕੀਮਤ ਫ਼ਸਲਾਂ ਲਈ,
ਇਹ ਲੜਾਈ ਆਉਣ ਵਾਲੀਆਂ
ਨਸਲਾਂ ਲਈ ।
ਪੀਰਾਂ ਦੀ ਧਰਤੀ ‘ਤੇ
ਸੱਭਿਆਚਾਰ ਲਈ ।
ਬਾਬਾ ਸਾਹਿਬ ਹੱਕ ਲਿਖੇ
ਜੋ ਕੰਧਾਂ ’ਤੇ ।
ਬਾਂਹਵਾਂ ਚੁੱਕ ਚੁੱਕ ਖਾਧੀਆਂ
ਖ਼ੂਬ ਸੁਗੰਧਾਂ ’ਤੇ ।
ਉਹ ਕੇਂਦਰ ਵਲੋਂ ਸੂਬਿਆਂ
ਦੇ ਅਧਿਕਾਰ ਲਈ ।
ਅੱਜ ਲੜਾਈ ਹਿੰਦ,
ਪੰਜਾਬੋਂ ਆਣ ਵੜੀ,
ਰਾਜ-ਮਹੱਲ ਦੇ ਚਾਰ ਚੁਫੇਰੇ
ਭੀੜ ਜੁੜੀ,
ਇਹ ਖ਼ਤਰਾ ਨਹੀਂ
ਖਾਲੀ ਚੌਂਕੀਦਾਰ ਲਈ ,
ਅੱਜ ਲੜਾਈ ਸਿਖਰਾਂ
ਉਤੇ ਆਣ ਚੜ੍ਹੀ
ਘਰ ਘਰ ਦੇਂਦੀ ਹੋਕਾ,
ਹਰ ਹੱਕਦਾਰ ਲਈ
ਅੱਜ ਲੜਾਈ, ਆਰ ਲਈ
ਜਾਂ, ਪਾਰ ਲਈ !

ਪਸ਼ੌਰਾ ਸਿੰਘ ਢਿੱਲੋਂ
ਫ਼ਰਿਜ਼ਨੋ, ਅਮਰੀਕਾ

## ਨਜ਼ਮ

## ਹਰਪ੍ਰੀਤ ਕੌਰ ਧੂਤ



# ਕਿਸਾਨ ਦੀ ਆਵਾਜ਼

ਬੁਲੰਦ ਹੌਸਲੇ ਨੇ ਸਾਡੇ
ਅਸੀਂ ਮਿੱਟੀ ਦੇ ਜਾਏ ਹਾਂ
ਇਹ ਮਿੱਟੀ ਸਿਰ ਚੜ੍ਹ ਕੇ ਬੋਲਦੀ ਹੈ
ਇਸ ਵਿੱਚ ਖ਼ੂਨ ਡੁੱਲਿਆ ਹੈ ਸਾਡਾ
ਇਤਿਹਾਸ ਵਾਰ ਵਾਰ ਹੈ ਕਹਿੰਦਾ
ਥੋੜਾ ਜਿਹਾ ਪੜ੍ਹ ਲਵੋ ਮੈਨੂੰ
ਮੈਂ ਸਦੀਆਂ ਦਾ ਗਵਾਹ ਹਾਂ ।

ਸੁਣ ਕੰਨ ਖੋਲ ਕੇ ਦਿੱਲੀਏ
ਤੂੰ ਖਾਂਦੀ ਰਹੀ ਹੈ ਸਦਾ ਤੋਂ
ਸਾਡੇ ਬਣਦੇ ਹੱਕਾਂ ਨੂੰ
ਅੱਜ ਆਪਣੇ ਹੱਕ ਮਨਾਵਣ ਲਈ
ਦੇਖ ਤੇਰੀ ਦਹਿਲੀਜ਼ ਤੇ
ਅਸੀਂ ਕਿਰਸਾਨ ਆਏ ਹਾਂ

ਤੂੰ ਭਰਿਆ ਜ਼ਹਿਰ ਬਥੇਰਾ ਸੀ
ਸਾਡੇ ਮਨਾਂ ਦੀ ਮਿੱਟੀ 'ਚ
ਤੇ ਸਾਡੇ ਖੇਤਾਂ ਦੀ ਮਿੱਟੀ 'ਚ
ਤੇਰਾ ਉਹ ਜ਼ਹਿਰ ਖਾ ਕੇ ਵੀ
ਅਸੀਂ ਅੱਜ ਤੱਕ ਵੀ ਜ਼ਿੰਦਾ ਹਾਂ
ਤੇਰੇ ਨਾਲ ਲੜਨ ਨੂੰ ਆਏ ਹਾਂ ।

ਸਾਡੇ ਤਾਂ ਖ਼ੂਨ ਹੈ ਸਿੰਜਿਆ
ਪਸੀਨਾ ਬਣ ਕੇ ਖੇਤਾਂ ਨੂੰ
ਤੁਸੀਂ ਕਰ ਲਵੋ ਕੋਸ਼ਿਸ਼
ਜਿੰਨੀ ਵੀ ਕਰ ਸਕਦੇ ਹੋ
ਸਾਡੇ ਸਿਰ ਝੁਕਾਵਣ ਦੀ
ਬੁਲੰਦ ਹੌਸਲੇ ਨੇ ਸਾਡੇ
ਅਸੀਂ ਤਾਂ ਸਿਰ ਕਟਵਾਣ ਨੂੰ
ਹੱਥਾਂ ਵਿੱਚ ਫੜਕੇ ਲਿਆਏ ਹਾਂ
ਤੇਰੇ ਨਾਲ ਲੜਨੇ ਨੂੰ ਦਿੱਲੀਏ
ਕਫ਼ਨ ਵੀ ਨਾਲ ਲਿਆਏ ਹਾਂ ।

ਮੌਸਮ ਕਿਸ ਤਰ੍ਹਾਂ ਦਾ ਵੀ ਹੋਵੇ
ਕਦੇ ਵੀ ਰੋਕ ਸਕਿਆ ਨਾ ਸਾਨੂੰ
ਅਸੀਂ ਤੂਫ਼ਾਨਾਂ ਦੇ ਨਾਲ ਹਮੇਸ਼ਾਂ ਹੀ
ਸਦੀਆਂ ਤੋਂ ਹੀ ਲੜਦੇ ਆਏ ਹਾਂ
ਜਦੋਂ ਫਿਰ ਹੜ੍ਹ ਆਉਂਦੇ ਨੇ
ਨਿਜ਼ਾਮ ਰੁੜ ਹੀ ਜਾਂਦੇ ਨੇ
ਤੈਨੂੰ ਇਹ ਚੇਤਾਵਣੀ ਅਸੀਂ
ਅੱਜ ਇਹ ਕਰਨੇ ਨੂੰ ਆਏ ਹਾਂ ।

ਤੂੰ ਪਰਖ ਤਕਦੀਰ ਸਾਡੀ ਨਾ
ਅਸੀਂ ਬਦਲ ਦੇਈਏ ਤਕਦੀਰਾਂ ਨੂੰ
ਅਸੀਂ ਨਾ ਮੌਤ ਤੋਂ ਡਰੀਏ
ਇਹ ਮੌਤ ਤਾਂ ਸਾਡੇ ਤੋਂ ਡਰਦੀ ਹੈ
ਇਸ ਭਾਰਤ ਨੂੰ ਬਚਾਵਣ ਲਈ
ਸਦਾ ਹੀ ਹਿੱਕ ਅਸਾਂ ਤਾਣੀ
ਅੱਜ ਆਪਣੀ ਹੋਂਦ ਬਚਾਵਣ ਲਈ
ਸਿਰਾਂ ਤੇ ਕਫ਼ਨ ਬੰਨ ਕੇ ਆਏ ਹਾਂ।
ਬੁਲੰਦ ਹੌਸਲੇ ਨੇ ਸਾਡੇ
ਅਸੀਂ ਇਸ ਮਿੱਟੀ ਦੇ ਜਾਏ ਹਾਂ
ਸੁਣ ਕੰਨ ਖੋਲ੍ਹ ਕੇ ਦਿੱਲੀਏ
ਤੇਰੇ ਨਾਲ ਲੜਨੇ ਨੂੰ
ਅਸੀਂ ਕਿਰਸਾਨ ਆਏ ਹਾਂ ।

**ਹਰਪ੍ਰੀਤ ਕੌਰ ਧੂਤ**
**ਸਟਾਕਟਨ, ਅਮਰੀਕਾ**
**+12094231107**

## .ਗ਼ਜ਼ਲ

## ਕਮਲ ਦੇਵ ਪਾਲ



### ਲੋਕ ਏਕਤਾ ਜ਼ਿੰਦਾਬਾਦ

ਸੰਘਰਸ਼ ਦੇ ਬਿਨਾ ਕਦ
ਜਾਗਣ ਨਸੀਬ ਸਾਡੇ ।
ਮੋਢੇ ਤੇ ਧਰ ਦਿਉ ਹੁਣ
ਹੱਕ ਦੀ ਸਲੀਬ ਸਾਡੇ ।

ਜੇ ਪਲਟਣਾ ਹੈ ਤਖ਼ਤਾ
ਜ਼ਾਰਾਂ ਤੇ ਨਾਜ਼ੀਆਂ ਦਾ ,
ਆਪਾਂ ਵੀ ਤੁਰ ਪਏ ਹਾਂ
ਆਵੋ ਕਰੀਬ ਸਾਡੇ ।

ਮੁਖ਼ਬਰ ਘਰਾਂ 'ਚ ਜਦ ਤੱਕ
ਸੁਗਰੀਵ ਤੇ ਵਿਭੀਸ਼ਨ,
ਇਹ ਸਾਮਰਾਜ ਚੱਟੂ ਤਦ ਤੱਕ
ਨਸੀਬ ਸਾਡੇ ।

ਧਰਤੀ ਦਾ ਕੁੱਲ ਰਕਬਾ ਵੰਡਾਂਗੇ
ਸਾਰਿਆਂ ਵਿਚ ,
ਇਕ ਵਾਰ ਆ ਗਈ ਜਦ ਹੱਥੀਂ
ਜ਼ਰੀਬ ਸਾਡੇ ।

ਪੁੱਤਰ ਭਰਾ ਭਤੀਜੇ ਬਣਦੇ
ਸ਼ਰੀਕ ਆਖਿਰ ,
ਕਿੰਨੇ ਕਰੀਬ ਦਿਲ ਦੇ ਰਿਸ਼ਤੇ
ਅਜੀਬ ਸਾਡੇ ।

ਕੁਝ ਲੋਕ ਜ਼ੁਲਮ ਦਹਿਸ਼ਤ ਦੇ ਨਾਲ
ਜੂਝਦੇ ਹਨ ,
ਕੁਝ ਹੇਰ ਫੇਰ ਕਰਕੇ ਲਿਖਦੇ
ਅਦੀਬ ਸਾਡੇ ।

ਤੂੰ 'ਪਾਲ' ਖ਼ੁਦ ਸਮਝ ਕੇ ਸਮਝਾ ਦੇ
ਸਾਰਿਆਂ ਨੂੰ ,
ਲਿਖਦੇ ਨੇ ਸਾਮਰਾਜੀ
ਕਿੱਦਾਂ ਨਸੀਬ ਸਾਡੇ ।

ਕਮਲ ਦੇਵ ਪਾਲ
ਕੈਲੇਫੋਰਨੀਆ, ਅਮਰੀਕਾ



## ਨਜ਼ਮ
## ਅਬਦੁਲ ਕਰੀਮ ਕੁਦਸੀ



## ਕਿਸਾਨੀ ਗੀਤ

ਪੁੱਤਰ ਵਾਂਗ ਟਰੈਕਟਰ ਮੇਰਾ, ਧੀ ਦੇ
ਵਾਂਗ ਟਰਾਲੀ ।
ਇਨ੍ਹਾਂ ਦੇ ਸਿਰ-ਸਦਕਾ ਮੇਰੇ ਖੇਤਾਂ
ਵਿਚ ਹਰਿਆਲੀ ।

ਜਦ ਮੈਂ ਸੌਂਦਾ ਇਹ ਵੀ ਸੌਂਦੇ, ਇਹ
ਜਾਗਣ ਮੈਂ ਜਾਗਾਂ।
ਸੱਚੀ ਗੱਲ ਤੇ ਇਹ ਵੇ ਮੇਰੀਆਂ
ਇਨ੍ਹਾਂ ਹੱਥ ਨੇ ਵਾਗਾਂ।
ਇਹ ਅੰਨ ਦਾਤਾ ਭਰਨ ਭੜੋਲੇ
ਸਾਰਾ ਜਗਤ ਸਵਾਲੀ ।

ਇਨ੍ਹਾਂ ਦੀ ਮੈਂ ਸੇਵਾ ਕਰਦਾ ਇਹ ਨੇ
ਮੇਰੀਆਂ ਬਾਹਵਾਂ।
ਕਰਨ ਦੁਆਵਾਂ ਇਨ੍ਹਾਂ ਦੇ ਲਈ
ਧੀਆਂ, ਭੈਣਾਂ, ਮਾਵਾਂ
ਇਨ੍ਹਾਂ ਨਾਲ ਵਿਸਾਖੀ ਸਜਦੀ, ਲੋਹੜੀ
ਤੇ ਦੀਵਾਲੀ।

ਸ਼ਾਲਾ ! ਵਸਦੀ ਰਹੇਂ ਤੂੰ ਦਿੱਲੀਏ,
ਵੱਸਣ ਦੇ ਸਾਨੂੰ ਵੀ।
ਤੇਰਾ ਹਾਸਾ ਸਿਰ ਮੱਥੇ ਤੇ ਹੱਸਣ ਦੇ
ਸਾਨੂੰ ਵੀ।
ਰੇਸ਼ਮ ਮੜ੍ਹਿਆ ਤਖ਼ਤ ਏ ਤੇਰਾ ਸਾਡਾ
ਤਖ਼ਤ ਪਰਾਲੀ ।

ਪੁੱਤਰ ਵਾਂਗ ਟਰੈਕਟਰ ਮੇਰਾ, ਧੀ ਦੇ
ਵਾਂਗ ਟਰਾਲੀ।
ਇਨ੍ਹਾਂ ਦੇ ਸਿਰ-ਸਦਕਾ ਹੈ ਤਾਂ ਖੇਤਾਂ
ਵਿਚ ਹਰਿਆਲੀ।

ਅਬਦੁਲ ਕਰੀਮ ਕੁਦਸੀ
ਅਮਰੀਕਾ
+1 (540) 388-7948



## ਨਜ਼ਮ

### ਗੁਲਸ਼ਨ ਦਯਾਲ



ਉਹ ਪਟਿਆਲੇ ਦੀ ਹੈ
ਮੇਰੇ ਨਾਲੋਂ ਕਿਤੇ ਜ਼ਿਆਦਾ ਮਿਹਨਤੀ
ਤੇ ਬਹਾਦਰ ਹੈ
ਵਿਧਵਾ ਹੈ
ਆਪਣਾ ਇੱਕਲਾ ਪੁੱਤਰ ਵੀ ਗੁਆ
ਲਿਆ ਹੈ
ਹੁਣ ਖ਼ੁਦ ਖੇਤੀ ਕਰਦੀ ਹੈ
ਖ਼ੁਦ ਟਰੈਕਟਰ ਚਲਾਉਂਦੀ ਹੈ
ਹੁਣ ਕਿਸਾਨ ਮੋਰਚੇ ਤੇ ਆਈ ਹੈ
ਇੰਨੀ ਠੰਢ! ਕੋਈ ਪ੍ਰਵਾਹ ਨਹੀਂ
ਕਿੰਨੀ ਬਹਾਦਰ ਹੈ
ਕਿੰਨਾ ਹੌਸਲਾ
ਇਹ ਸਾਡੀ ਔਰਤ ਦੀ ਅੱਜ ਦੀ
ਤਸਵੀਰ ਹੈ
ਕੌਣ ਕੌਣ ਤੁਹਾਡੇ ਵਿਚੋਂ ਇੰਝ ਹੋ
ਸਕਦਾ ਹੈ
ਬਹੁਤ ਬਹਾਦਰ ਹੈ
ਮੇਰੇ ਨਾਲੋਂ ਕਿਤੇ ਜ਼ਿਆਦਾ ਮਿਹਨਤੀ
ਤੇ ਕਿਤੇ ਜਿਆਦਾ ਬਹਾਦਰ
ਮੈਂ ਤਾਂ ਸਿਰਫ ਚਿੰਤਤ ਹਾਂ
ਮੈਂ ਰੇਸ਼ਮ ਨੂੰ ਆਖਦੀ ਹਾਂ
"ਰੇਸ਼ਮ ! ਕੀ ਹੋਵੇਗਾ ਇਸ ਅੰਦੋਲਨ
ਦਾ "
ਬਹੁਤ ਡਰਪੋਕ ਹਾਂ।
ਉਹ ਆਖਦਾ ਹੈ ਕਿ
"ਤੂੰ ਇੰਝ ਕਿਉਂ ਨਹੀਂ ਸੋਚਦੀ ਕਿ
ਕਿਵੇਂ ਅੱਜ ਪੰਜਾਬੀਆਂ ਨੇ ਪੂਰੇ
ਭਾਰਤ ਨੂੰ
ਇੱਕ ਕਰ ਦਿੱਤਾ ਹੈ –
ਕਿਵੇਂ ਪੂਰਾ ਭਾਰਤ ਅੱਜ ਇੱਕ ਹੈ "
ਪਰ ਮੈਂ ਕੀ ਕਰਾਂ।
ਤੇ ਇਹ ਸਰਕਾਰ ਉਸ ਨੂੰ ਵੱਖਵਾਦੀ
ਆਖਦੀ ਹੈ ਉਸ ਨੂੰ ਜਿਸ ਨੇ
ਅੱਜ ਪੂਰੇ ਭਾਰਤ ਨੂੰ ਇੱਕ ਕਰ
ਦਿੱਤਾ ਹੈ।
ਕਾਸ਼ ਇਸ ਔਰਤ ਨਾਲ
ਉਸਦੇ ਕੋਲ ਮੈਂ ਬੈਠੀ ਹੁੰਦੀ !

**ਗੁਲਸ਼ਨ ਦਯਾਲ**
**ਕੈਲੇਫੋਰਨੀਆ, ਅਮਰੀਕਾ**

## ਨਜ਼ਮ

ਦਲਵੀਰ ਦਿਲ ਨਿੱਝਰ



ਦਿੱਲੀਏ ਦੇਖ ਲੈ ਹੁਣ ਤੇਰੇ 'ਤੇ ਧੂੜ ਦੇ
ਬੱਦਲ ਛਾ ਗਏ ਨੇ
ਟੋਏ ਟਿੱਬੇ ਟੱਪ ਕੇ ਵੀ ਹੁਣ ਜੂਹ ਤੇਰੀ
ਵਿੱਚ ਆ ਗਏ ਨੇ
ਭਲਾ ਜੇ ਚਾਹੇ ਵਾਪਿਸ ਕਰ ਲੈ ਕਾਲੇ
ਕਾਨੂੰਨ ਬਿਆਨਾਂ ਨੂੰ
ਦਿੱਲੀਏ ਕਾਹਤੋਂ ਮਾਰਨਾ ਚਾਹੁੰਦੀ ਸਭ
ਮਜ਼ਦੂਰ ਕਿਸਾਨਾਂ ਨੂੰ

ਸਰੱਹਦਾਂ 'ਤੇ ਹਿੱਕ ਡਾਹ ਖੜ੍ਹਦੇ ਸਦਾ
ਹੀ ਨਾਲ ਜਵਾਨਾਂ ਦੇ
ਪੈਰਾਂ ਥੱਲੇ ਸਿਰ ਰੱਖ ਦਿੰਦੇ
ਘਰ ਆਏ ਮਹਿਮਾਨਾਂ ਦੇ
ਘੋੜਿਆਂ ਉੱਤੇ ਰਹਿ ਕੇ
ਰੋਕਣ ਅਬਦਾਲੀ ਜਿਹੇ ਖ਼ਾਨਾਂ ਨੂੰ
ਦਿੱਲੀਏ ਕਾਹਤੋਂ ਮਾਰਨਾ ਚਾਹੁੰਦੀ
ਸਾਡੇ ਵੀਰ ਕਿਸਾਨਾਂ ਨੂੰ

ਸਾਹਾਂ ਤੋਂ ਵੀ ਵੱਧ ਕੇ ਰੱਖਦੇ
ਭੌਂ ਆਪਣੇ ਦੇ ਟੁਕੜੇ ਨੂੰ
ਹੱਸ ਖੇਡ ਕੇ ਕੱਟ ਲੈਂਦੇ ਨੇ
ਜ਼ਿੰਦਗੀ ਭਰ ਦੇ ਦੁਖੜੇ ਨੂੰ
ਆਈ 'ਤੇ ਆ ਕੇ ਮੋੜ ਦਿੰਦੇ ਨੇ
ਵਗਦੇ ਤੇਜ਼ ਤੂਫਾਨਾਂ ਦੇ
ਦਿੱਲੀਏ ਕਾਹਤੋਂ ਮਾਰਨਾ ਚਾਹੁੰਦੀ
ਮੇਰੇ ਵੀਰ ਕਿਸਾਨਾਂ ਨੂੰ

ਬਾਬਾ ਪਿਉ ਤੇ ਪੋਤਾ ਵੀ ਹੁਣ ਤਾਣ ਕੇ
ਸੀਨਾ ਖੜ ਗਏ ਨੇ
ਇਹ ਤਾਂ ਇੱਕੋ ਮਾਣ ਨਹੀਂ ਸੀ
ਹੁਣ ਤਾਂ ਤਿੰਨੋਂ ਅੜ ਗਏ ਨੇ
ਹੁਣ ਤਾਂ ਦਿੱਲੀਏ ਰੋਲ ਦੇਣਗੇ
ਤੇਰੇ ਸਭ ਨਿਸ਼ਾਨਾਂ ਨੂੰ
ਦਿੱਲੀਏ ਕਾਹਤੋਂ ਮਾਰਨਾ ਚਾਹੁੰਦੀ
ਦੇਸ਼ ਦੇ ਸਭ ਕਿਸਾਨਾਂ ਨੂੰ

ਚੰਗਾ ਹੁੰਦਾ ਪੜ ਲੈਂਦੇ ਜੇ
ਇਹ ਇਤਿਹਾਸ ਦੇ ਪੰਨਿਆਂ ਨੂੰ
ਕੋਈ ਸਮਝਾਵੋਂ ਗੱਦੀ ਉੱਤੇ ਬੈਠੇ
ਅਕਲ ਦੇ ਅੰਨਿਆਂ ਨੂੰ
ਭੁੱਲ ਗਈ ਦਿੱਲੀਏ ਤੇਰੀ ਖਾਤਿਰ
ਵਾਰ ਗਏ ਜੋ ਜਾਨਾਂ ਨੂੰ
ਕਾਹਤੋਂ ਦਿੱਲੀਏ ਮਾਰਨਾ ਚਾਹੁੰਦੀ
ਮੇਰੇ ਵੀਰ ਕਿਸਾਨਾਂ ਨੂੰ

ਲੋਹ ਲੰਗਰ ਹੁਣ ਦੇਖ ਲੈ
ਪੱਕਦੇ ਖੁੱਲੇ ਅੰਬਰਾਂ ਥੱਲੇ ਤੂੰ
ਮਾਵਾਂ ਧੀਆਂ ਨਾਲ ਨੇ ਭੈਣਾਂ ਸਮਝ ਨਾ
ਸਾਨੂੰ ਕੱਲ੍ਹੇ ਤੂੰ
ਦੇਣ ਸ਼ਹੀਦੀ ਦਾਦੀ ਤੋਰੇ
ਨਿੱਕੀਆਂ ਨਿੱਕੀਆਂ ਜਾਨਾਂ ਨੂੰ
ਕਾਹਤੋਂ ਦਿੱਲੀਏ ਮਾਰਨਾ ਚਾਹੁੰਦੀ ਦੇਸ਼
ਦੇ ਸਭ ਕਿਸਾਨਾਂ ਨੂੰ

**ਦਲਵੀਰ ਦਿਲ ਨਿੱਝਰ**
**ਸੈਕਰਾਮੈਂਟੋ, ਅਮਰੀਕਾ**
**+19166282210**
**dil.reltor@gmail.com**

## ਨਜ਼ਮ

ਸ਼ੈਲੀ ਡੰਗ



ਅਸੀਂ ਸੂਲ਼ਾਂ ਫੇਹਣ ਵਾਲੇ ਆਂ
ਡਾਕੂਆਂ ਦੇ ਖ਼ੌਫ਼ੋਂ ਰਾਹ ਨੀ ਬਦਲਦੇ
ਸਗੋਂ ਬਾਜ਼ਾਂ ਵਾਲੇ ਦੇ ਤੀਰ ਵਾਂਗੂੰ
ਹਿੱਕ 'ਚ ਵੱਜਦੇ ਆਂ
ਮੁਸੀਬਤਾਂ ਸਾਹਵੇਂ ਉਦਾਸ ਨਹੀਂ ਹੁੰਦੇ
ਕਿਉਂਕਿ ਸਿੱਖਿਆ ਅਸੀਂ
ਸਰਬੰਸਦਾਨੀ ਤੋਂ ਜੂਝਣਾ !
ਅਸੀਂ ਕਿਉਂ ਡੋਲਣਾ
ਜਿੰਨ੍ਹਾਂ ਦਾ ਗੁਰੂ ਤੱਤੀ ਤਵੀ ਤੇ ਬੈਠ
ਨਹੀਂ ਡੋਲਿਆ !
ਅਸੀਂ ਨਿਮਾਣੇ ਲਿਤਾੜੇ ਨਹੀਂ ਆਂ
ਅਸੀਂ ਜੰਗਜੂ ਆਂ
ਮੈਦਾਨ ਭਾਵੇਂ ਕੋਈ ਹੋਵੇ !
ਅੱਖਾਂ 'ਚ ਅਣਖ਼ਾਂ ਦੀ ਲਾਟ
ਡੌਲਿਆਂ 'ਚ ਸਰਹਿੰਦ ਨੀਹਾਂ ਦਾ ਜੋਸ਼
ਜਿਹਨ 'ਚ ਨਾਨਕ ਬਾਣੀ ਦੀ ਲੋਰ
ਦਿਮਾਗ਼ 'ਚ- ਮੀਰੀ
ਦਿਲ 'ਚ- ਪੀਰੀ
ਤੇ ਹਰ ਸਾਹ- ਅਖੀਰੀ ਲੈ ਕੇ
ਅੜ ਜਾਨੇ ਆਂ
ਜਿੱਤ ਹਾਰ ਗੁਰੂ ਜਾਣੇ

ਅਸੀਂ ਤਾਂ
ਬਰਛੇ ਝਾਰਨੀਆਂ ਤੰਗਲੀਆਂ ਸੋਟੇ ਲੈ
ਕੇ
ਮੈਦਾਨ 'ਚ ਵੜ ਜਾਨੇ ਆਂ !

ਨੋਟ ਕਰਲੈ
ਮਾਣਮੱਤੀ ਤਵਾਰੀਖ਼
ਸਾਡੇ ਸਿਦਕ ਦੀ ਗਵਾਹ ਤੇ
ਗੁਰਬਾਣੀ ਸਾਡਾ ਮੂਲ ਏ ।

ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਸਾਡੇ ਜੀਵਨ ਦਾ ਅਸੂਲ ਏ !

ਸ਼ੈਲੀ ਡੰਗ
ਕੈਲੇਫੋਰਨੀਆ, ਅਮਰੀਕਾ
+5599403241



## ਨਜ਼ਮ

ਰਾਜ ਸੰਧੂ



### ਕਿਸਾਨ

ਮਿੱਟੀ ਚ' ਸੁੱਟ ਦਿਤਾ ਤੁਸਾਂ ਸਾਨੂੰ
ਜਾਣਦੇ ਨਹੀਂ ਬੀਜ ਹਾਂ ਅਸੀ
ਉੱਗ ਪਵਾਂਗੇ ਫੇਰ

ਮਿੱਟੀ ਨਾਲ ਹੈ ਇਸ਼ਕ ਸਾਡਾ
ਜੁਦਾ ਕਰੋ ਨਾਂ ਸਾਨੂੰ ਇਸ ਨਾਲੋਂ
ਬਣ ਜਾਵਾਂਗੇ ਮਿੱਟੀ ਦਾ ਢੇਰ

ਮਿੱਟੀ ਨੂੰ ਬਣਾ ਦੇਂਦੇ ਹਾਂ
ਖ਼ੂਨ ਪਸੀਨਾ ਘੋਲ
ਅਸੀਂ ਦਾਣਿਆ ਦਾ ਢੇਰ

ਕਿੱਥੋਂ ਲੱਭੋਗੇ
ਫੇਰ ਅਨਾਜ ਦਾਣਾ
ਸਾਡੇ ਨਾਲ ਕਰਕੇ ਹੇਰ ਫੇਰ

ਤੁਸੀਂ ਅਨਾਜ ਨੂੰ ਸੋਨਾ ਬਣਾ
ਖਾਓਗੇ ਕੀ
ਦਸੋ ਤਾਂ ਸਹੀ ਇੱਕ ਵੇਰ

ਬੱਚੇ ਤੁਸਾਂ ਦੇ ਤਰਸਣਗੇ
ਜਦ ਬੁਰਕੀ ਤਾਈਂ
ਕਿਵੇਂ ਖਵਾਓਗੇ ਪੈਸਿਆਂ ਦਾ ਢੇਰ

ਸਮਝ ਜਾਓ ਵਕਤ ਹੈ ਅਜੇ
ਕਿਤੇ ਹੋ ਨਾ ਜਾਏ
ਬਹੁਤ ਦੇਰ

ਰਾਜ ਸੰਧੂ
ਮਿਸ਼ੀਗਨ, ਅਮਰੀਕਾ



## ਨਜ਼ਮ

### ਐਸ਼ਕੁਮ ਐਸ਼ਵਿਕ



### ਕਿਸਾਨਾਂ ਦੀਆਂ ਹਾਵਾਂ

ਜਮੀਨ ਕਿਸਾਨਾਂ ਦੀ ਹੈ,
ਵਾਹੁਣ-ਬੀਜਣ, ਤੇ ਕੱਟਣ ਕਿਉਂ ਨਾ
ਉਹ
ਤੁਸੀਂ ਕੌਣ ਹੁੰਦੇ ਓ ਧਨਾਢੋ, ਜੋ ਵਿੱਚ
ਆ ਬੈਠ, ਬਣ ਬਣ ਕੇ ਦੱਸੋ ਪਿਓ
ਧੁੱਪਾਂ ਚ' ਮਰਨ ਕਿਸਾਨ ਵਿਚਾਰੇ,
ਅਤੇ ਤੁਸੀਂ ਬੈਠੋ ਵਿੱਚ ਛਾਵਾਂ
ਪੈਣਗੀਆਂ ਤੁਹਾਡੇ 'ਤੇ ਇਕ ਦਿਨ,
ਇੰਨਾਂ ਕਿਸਾਨਾਂ ਦੀਆਂ ਹਾਵਾਂ

ਕੌਣ ਹੋਵੋ ਤੁਸੀਂ ਭਈ ਸਾਡੇ 'ਤੇ,
ਕਾਲੇ ਕਨੂੰਨਾਂ ਨੂੰ ਥੋਪਨ ਵਾਲੇ
ਦਿਨ ਦਿਹਾੜੇ ਭਾਰਤੀ ਲੋਕਤੰਤਰ ਦੇ,
ਗਲੇ ਨੂੰ ਘੋਟਣ ਵਾਲੇ
ਹੱਕਾਂ ਦੀ ਲੜਾਈ ਲੜਣ ਵਾਲਿਆਂ
ਦੀਆਂ, ਕਿਉਂ ਰੋਕੋ ਤੁਸੀਂ ਰਾਹਵਾਂ
ਪੈਣਗੀਆਂ ਤੁਹਾਡੇ ਤੇ ਇਕ ਦਿਨ,
ਇੰਨਾਂ ਕਿਸਾਨਾਂ ਦੀਆਂ ਹਾਵਾਂ

ਅੱਤ ਖੁਦਾ ਦਾ ਵੈਰ ਹੰਦਾ ਏ, ਕੋਈ
ਜਾਕੇ ਇੰਨਾਂ ਸਮਝਾਓ ਜੀ
ਕਿਸਾਨਾਂ ਤੇ ਏਨਾ ਜਬਰ ਜ਼ੁਲਮ,
ਜੁਲਮੀਓ ਨਾ ਤੁਸੀਂ ਢਾਓ ਜੀ
ਲੱਗ ਜਾਵਣ ਰੱਬਾ ਇਨ੍ਹਾਂ ਨੂੰ,
ਸਾਡੀਆਂ ਸੱਭਨਾਂ ਦੀਆਂ ਬਦਦੁਆਵਾਂ
ਪੈਣਗੀਆਂ ਤੁਹਾਡੇ ਤੇ ਇਕ ਦਿਨ,
ਇੰਨਾਂ ਕਿਸਾਨਾਂ ਦੀਆਂ ਹਾਵਾਂ

ਹਾਦਸਿਆਂ ਚ ਹੋ ਗਏ ਸ਼ਹੀਦ,
ਕਈ ਨਾਲ ਕੜਾਕੇ ਦੀਆਂ ਠੰਡਾਂ
ਤਰਸ ਨਾ ਆਇਆ ਵਰਾ ਕੇ
ਬਜ਼ੁਰਗਾਂ 'ਤੇ, ਬੋਸ਼ਾਰਾਂ ਦੀਆਂ ਫੰਡਾਂ
ਜਵਾਨ ਪੁੱਤ ਜਿਨਾਂ ਦੇ ਨਾ ਪਰਤ ਪਾਏ
ਘਰਾਂ ਨੂੰ, ਜਾ ਪੁੱਛੋ ਉਂਨਾਂ ਮਾਂਵਾਂ
ਪੈਣਗੀਆਂ ਤੁਹਾਡੇ ਤੇ ਇਕ ਦਿਨ,
ਇੰਨਾਂ ਕਿਸਾਨਾਂ ਦੀਆਂ ਹਾਵਾਂ

ਕੁਚਲ ਦਿਆਂਗੇ ਸ਼ਾਇਦ, ਸੋਚ ਰੱਖਿਆ
ਹੋਵੇ ਹੁਕਮਰਾਨਾਂ ਨੇ
ਹੁਣ ਮਹਾਂ-ਅੰਦੋਲਨ ਦਾ ਰੂਪ ਲੈ ਲਿਆ,
ਲੱਗੇ ਜਿਉਂ ਤੁਫ਼ਾਨਾਂ ਨੇ
ਪਤਾ ਨਹੀਂ ਤਾਂ ਪੜ੍ਹ ਲਓ ਜਾ ਕੇ,
ਸਾਡੇ ਇਤਿਹਾਸ ਦੀਆਂ ਗਥਾਵਾਂ
ਪੈਣਗੀਆਂ ਤੁਹਾਡੇ ਤੇ ਇਕ ਦਿਨ,
ਇੰਨਾਂ ਕਿਸਾਨਾਂ ਦੀਆਂ ਹਾਵਾਂ

ਲੋਕਤੰਤਰ ਰਹੇਗਾ ਲੋਕਤੰਤਰ, ਸਵਿਧਾਨ
ਰਹੇਗਾ ਸਵਿਧਾਨ
ਭੰਗ ਕਰਨ ਦੀ ਕੋਸ਼ਿਸ਼ ਜਿਨਾਂ ਕੀਤੀ,
ਹਾਰ ਗਏ ਸਨ ਸੱਭ ਸ਼ੈਤਾਨ
ਜਿਨਾਂ ਹਿਫ਼ਾਜ਼ਤ ਕੀਤੀ ਇਸਦੀ ਐਸ਼,
ਮੈਂ ਉਂਨਾਂ ਦੇ ਗੁਣ ਗਾਂਵਾਂ
ਪੈਣਗੀਆਂ ਤੁਹਾਡੇ ਤੇ ਇਕ ਦਿਨ,
ਇੰਨਾਂ ਕਿਸਾਨਾਂ ਦੀਆਂ ਹਾਵਾਂ

**ਐਸ਼ਕੁਮ ਐਸ਼ਵਿਕ**
**ਕੈਲੇਫੋਰਨੀਆ, ਅਮਰੀਕਾ**
**0016692556012**

## .ਗਜ਼ਲ

## ਡਾ. ਗੁਰੂਮੇਲ ਸਿੱਧੂ

## ਧਰਤੀ ਮਾਂ ਪਾਣੀ ਪਿਤਾ

ਧਰਤੀ ਦੀ ਆਨ ਲਈ
ਸਿਰ ਦੇਣਾ ਤਾਂ ਸਾਡੀ ਆਦਤ ਹੈ।
ਇਹ ਅਸਾਡਾ ਜੀਵਣਾ,
ਇਹੋ ਸ਼ਰਧਾ ਇਹੋ ਇਬਾਦਤ ਹੈ।

ਜਦ ਵੀ ਮੁਨਾਫ਼ੇ ਖ਼ੋਰ ਕੋਈ
ਲੁੱਟਣ ਲਈ ਕਰੇ ਗੁਸਤਾਖ਼ੀ,
ਉਸ ਲਈ ਤਾਂ ਇਹ ਸ਼ਰਾਰਤ ਹੈ
ਸਾਡੇ ਲਈ ਬਗਾਵਤ ਹੈ।

ਧਰਤੀ ਮਾਂ ਪਾਣੀ ਪਿਤਾ ਹੈ
ਕੁਦਰਤ ਦੀ ਕਾਇਨਾਤ ਦਾ,
ਇਹ ਕੋਈ ਅੱਜ ਦੀ ਕਹਾਵਤ ਨਹੀਂ
ਅਨਾਦੀ ਹਕੀਕਤ ਹੈ।

ਪਰਾਇਆਂ ਨੇ ਲੁੱਟਿਆ ਸੀ
ਬੇਗਾਨਾ ਸਮਝ ਕੇ ਅੰਨਦਾਤੇ ਨੂੰ,

ਆਪਣਾ ਹੀ ਕੋਈ ਆ ਵੜੇ
ਲੁੱਟਣ ਤਾਂ ਇਹ ਹਮਾਕਤ ਹੈ।

ਕਿਰਤੀਆਂ ਲਈ ਵਗਦਾ ਹੈ ਜੋ
ਉਸ ਖ਼ੂਨ ਨੂੰ ਨਵਾਜ਼ਸ਼ ਹੈ,
ਦਰਿੰਦਿਆਂ ਲਈ ਡੁੱਲ੍ਹੇ ਜੋ ਮੈਲਾ
ਉਸ ਨੂੰ ਲੱਖ ਲਾਅਣਤ ਹੈ।

ਡਾ. ਗੁਰੂਮੇਲ ਸਿੱਧੂ
ਫਰਿਜ਼ਨੋ, ਅਮਰੀਕਾ






## ਨਜ਼ਮ

### ਪ੍ਰੀਤ ਸੋਹਲ

## ਆਪਣੇ ਦੇਸ਼ ਦਾ ਨੌਜਵਾਨ ਹਾਂ

ਮਿੱਟੀ ਲਿਬੜਿਆ ਮੈਂ ਕਿਸਾਨ ਹਾਂ
ਆਪਣੀ ਨੀਅਤ ਸਾਫ਼ ਮੈਂ ਰੱਖਦਾ
ਗਿਰਗਟ ਵਾਂਗੂੰ ਰੰਗਦਾ ਨਹੀਂ ਹਾਂ।
ਮੈਂ ਆਪਣੇ ਹੱਕ ਲੈਣ ਜਾਣਦਾ
ਮੈਂ ਹੱਥ ਅੱਡ ਕੇ ਮੰਗਦਾ ਨਹੀਂ ਹਾਂ।

ਮੈਂ ਸਰਕਾਰ ਨੂੰ ਪੁੱਛਣਾ ਚਾਹੁੰਨਾਂ
ਨਜ਼ਰਬੰਦ ਕਿਓਂ ਮੇਰੇ ਹੱਕ ਨੇ
ਮੈਂ ਵੀ ਹਾਂ ਇਸ ਦੇਸ਼ ਦਾ ਹਿੱਸਾ
ਮੇਰੇ ਲਈ ਕਾਨੂੰਨ ਕਿਓਂ ਵੱਖ ਨੇ ?
ਮੇਰੇ ਦਿਲ ਵਿਚ ਚੋਰ ਨਾ ਕੋਈ
ਮੈਂ ਗੱਲ ਕਰਨੋਂ ਸੰਗਦਾ ਨਹੀਂ ਹਾਂ
ਮੈਂ ਆਪਣੇ ਹੱਕ ਲੈਣ ਜਾਣਦਾ
ਮੈਂ ਹੱਥ ਅੱਡ ਕੇ ਮੰਗਦਾ ਨਹੀਂ ਹਾਂ।

ਅਸੀਂ ਤੇਰੇ ਘਰ ਡੇਰਾ ਲਾ ਕੇ
ਸੱਚੋ ਸੱਚ ਸੁਣਾ ਕੇ ਰਹਿਣਾ
ਕਲਗੀਧਰ ਦੇ ਪੁੱਤ ਲਾਡਲੇ
ਵੈਰ ਅਸਾਂ ਨਾਲ ਮਹਿੰਗਾ ਪੈਣਾ
ਮੈਂ ਭੱਠੀ ਵਿਚ ਤਪਦਾ ਲੋਹਾ
ਮੈਂ ਕੋਈ ਟੋਟਾ ਵੰਗ ਦਾ ਨਹੀਂ ਹਾਂ
ਮੈਂ ਆਪਣੇ ਹੱਕ ਲੈਣ ਜਾਣਦਾ
ਮੈਂ ਹੱਥ ਅੱਡ ਕੇ ਮੰਗਦਾ ਨਹੀਂ ਹਾਂ।

ਮੈਨੂੰ ਜੇ ਨਾਦਾਨ ਤੂੰ ਸਮਝੇਂ
ਚਾਲ ਤੇਰੀ ਪਹਿਚਾਣ ਗਿਆ ਹਾਂ
ਤੂੰ ਕਿਸਾਨ ਨੂੰ ਰੋਲਣਾ ਚਾਹੇਂ
ਕੂੜ ਨੀਤੀਆਂ ਜਾਣ ਗਿਆ ਹਾਂ
ਮੈਂ ਵੀ ਹਾਂ ਹੁਣ ਪੜ੍ਹਿਆ ਲਿਖਿਆ
ਤੇਰੀ ਅੱਖ ਵਿਚ ਢੰਗ ਦਾ ਨਹੀਂ ਹਾਂ
ਮੈਂ ਆਪਣੇ ਹੱਕ ਲੈਣ ਜਾਣਦਾ
ਮੈਂ ਹੱਥ ਅੱਡ ਕੇ ਮੰਗਦਾ ਨਹੀਂ ਹਾਂ।

ਕਿੱਲ ਵਾਂਗਰਾਂ ਗੱਡੇ ਪਏ ਹਾਂ
ਮੁੜਦੇ ਨਹੀਂ ਅਸੀਂ ਹੱਥ ਲਮਕਾ ਕੇ
ਤੈਨੂੰ ਪਤਾ ਤਾਸੀਰ ਦਾ ਸਾਡੀ
ਬਹਿ ਨਾ ਜਾਵੀਂ ਜੜ੍ਹਾਂ ਪੁਟਾ ਕੇ
ਮੈਂ ਤੇਰੀ ਹਰ ਚਾਲ ਸਮਝਦਾ
ਝੂਠ ਦੀ ਖੰਘ ਵਿਚ ਖੰਘਦਾ ਨਹੀਂ ਹਾਂ
ਮੈਂ ਆਪਣੇ ਹੱਕ ਲੈਣ ਜਾਣਦਾ
ਮੈਂ ਹੱਥ ਅੱਡ ਕੇ ਮੰਗਦਾ ਨਹੀਂ ਹਾਂ।

ਪ੍ਰੀਤ ਸੋਹਲ
ਸਿਆਟਲ, ਅਮਰੀਕਾ

# ਯੂਰੋਪੀਅਨ ਕਵੀ

## ਨਜ਼ਮ

### ਐਸ ਬਲਵੰਤ



ਗੱਲ ਕੁੱਖ ਤੋਂ ਸ਼ੁਰੂ ਹੋਈ
ਤੇ ਕਬਰ 'ਤੇ ਜਾ ਮੁੱਕੀ !

ਸਮੁੰਦਰ ਕੋਈ ਤੈਰਨ ਦੀ ਸ਼ੈਅ ਨਹੀਂ
ਡੀਕ ਜਾਣ ਦੀ ਗੱਲ ਹੈ!
ਦੋਸ਼ ਅੱਲਾਹ ਦਾ ਨਹੀਂ
ਰੂਹਾਂ ਇਤਿਫਾਕਨ ਨਹੀਂ ਮਰਦੀਆਂ !
ਰਾਇ ਜਾਂ ਮਾਰਕਸ ਨੂੰ ਕੁਝ ਨਾ ਕਹੋ
ਜੰਗ ਸਦਾ ਜਾਰੀ ਰਹਿੰਦੀ ਹੈ !
ਇਕ ਈਸਾ ਮਰਦਾ ਤੇ
ਦੂਜਾ ਗੋਬਿੰਦ ਜੰਮਦਾ ਹੈ !

ਗੱਲ ਤਾਂ ਕੁੱਖ ਤੋਂ ਸ਼ੁਰੂ ਹੋ ਕੇ
ਕਬਰ 'ਤੇ ਜਾ ਮੁੱਕਦੀ ਹੈ
ਮੁਨੱਸਰ ਤੁਹਾਡੇ 'ਤੇ ਹੈ ਯਾਰੋ
ਅਸੀਂ ਜੰਗ ਲੜਨੀ ਹੈ
ਜਾਂ ਜਿਊਂਦੀ ਰੂਹ ਨੂੰ
ਸਮੇਂ ਦੀ ਕਬਰ ਵਿੱਚ
ਦਫ਼ਨ ਕਰਨਾ ਹੈ !

ਗੱਲ ਕੁੱਖ ਤੋਂ ਸ਼ੁਰੂ ਹੋਈ
ਤੇ ਕਬਰ 'ਤੇ ਜਾ ਮੁੱਕੀ ....


ਐਸ ਬਲਵੰਤ
ਯੂ. ਕੇ.
+447450211512




## ਨਜ਼ਮ

ਕੇਹਰ ਸ਼ਰੀਫ਼



### ਕਿਰਤੀਆਂ ਦੀ ਛਿੰਝ

ਬਾਬੇ ਬੁੱਲੇ ਨੇ ਕਿਹਾ ਸੀ
ਛਿੰਝ ਪੈਣੀ
ਤੂੰ ਦਿੱਲੀ ਪੈਂਦੀ ਛਿੰਝ ਵੇਖ ਲੈ।
ਵੇ ਹਾਕਮਾਂ, ਤੂੰ ਦਿੱਲੀ ਪੈਂਦੀ
ਛਿੰਝ ਵੇਖ ਲੈ।

ਦਿੱਤੀ ਤੇਰੇ ਹੱਥ ਡੋਰ
ਇਨ੍ਹਾਂ ਕਿਰਤੀ ਕਿਸਾਨਾਂ
ਉਹੀ ਬੈਠੇ ਦਰ ਤੇਰੇ
ਦੇਖੇ ਸਾਰਾ ਹੀ ਜ਼ਮਾਨਾ
ਤੈਨੂੰ ਦਿਸਦਾ ਨਹੀਂ ਤਾਂ
ਖੋਪੇ ਲਾਹ ਕੇ ਵੇਖ ਲੈ
ਵੇ ਹਾਕਮਾਂ, ਤੂੰ ਦਿੱਲੀ ਪੈਂਦੀ
ਛਿੰਝ ਵੇਖ ਲੈ।

ਜ਼ੁਲਮ ਕਰਨ ਸਰਕਾਰਾਂ
ਲੋਕੀ ਉੱਠ ਹੀ ਪੈਂਦੇ ਨੇ
ਸਾਡਾ ਹੱਕ ਸਾਨੂੰ ਦੇਹ
ਲੋਕੀ ਇਹੋ ਹੀ ਕਹਿੰਦੇ ਨੇ
ਹੱਕਾਂ ਵਾਲੇ ਇਹ ਕੋਕੇ
ਜੜਦੇ ਨੇ ਕਿੰਝ ਵੇਖ ਲੈ
ਵੇ ਹਾਕਮਾਂ, ਤੂੰ ਦਿੱਲੀ ਪੈਂਦੀ
ਛਿੰਝ ਵੇਖ ਲੈ।

ਹੋਵੇ ਲੋਕ ਰਾਜ, ਲੋਕਾਂ ਦੀ ਕੋਈ ਗੱਲ
ਨਾ ਸੁਣੇ
ਕਾਹਦਾ ਹਾਕਮ ਜੋ
ਆਪ ਹੀ ਤਾਂ ਸਾਜਿਸ਼ਾ ਬੁਣੇ
ਸਾਡੀ ਨਿਮਰਤਾ ਤੇ ਆਪਣੀ ਤੂੰ
ਹਿੰਢ ਵੇਖ ਲੈ
ਵੇ ਹਾਕਮਾਂ, ਤੂੰ ਦਿੱਲੀ ਪੈਂਦੀ
ਛਿੰਝ ਵੇਖ ਲੈ।

ਗਦਰੀ ਬਾਬੇ, ਭਗਤ ਸਰਾਭੇ ਹੱਕ
ਲੈਣ ਨੇ ਆਏ
ਆਜ਼ਾਦੀ ਲਈ ਲੜਨੇ ਵਾਲੇ
ਜਾਪਣ ਕਿਉਂ ਪਰਾਏ
ਅਸੀਂ ਹਰਨਾਂ ਨੀ ਤੇਥੋਂ
ਰੂਹ ਸਾਡੀ ਪਿੰਜ ਵੇਖ ਲੈ
ਵੇ ਹਾਕਮਾਂ, ਤੂੰ ਦਿੱਲੀ ਪੈਂਦੀ
ਛਿੰਝ ਵੇਖ ਲੈ।

ਪਹਿਲਾਂ ਨੇ ਮਜ਼ਦੂਰ ਮਰੇ ਹੁਣ
ਕਿਰਸਾਨਾਂ ਦੀ ਵਾਰੀ
ਬਹਿ ਕੇ ਕੁਰਸੀ ਦੇ ਉੱਤੇ
ਕਿਉਂ ਮੱਤ ਜਾਂਦੀ ਮਾਰੀ
ਗੱਲ ਸਿੱਧੀ ਜਹੀ ਸਾਡੀ
ਤੂੰ ਆਪਣੀ ਤੜਿੰਗ ਵੇਖ ਲੈ
ਵੇ ਹਾਕਮਾਂ, ਤੂੰ ਦਿੱਲੀ ਪੈਂਦੀ
ਛਿੰਝ ਵੇਖ ਲੈ।

ਦਿੱਤਾ ਕਿਰਤੀ ਕਿਸਾਨਾਂ ਦਾ
ਜੋ ਅੰਨ ਖਾ ਰਿਹੈਂ
ਪਿੰਡ ਮਾਰਨੇ ਦਾ ਜਿਹੜਾ

ਸਾਨੂੰ ਡੰਨ ਲਾ ਰਿਹੈਂ
ਰਹੂ ਸਦਾ ਹੀ ਜੀਊਂਦਾ
ਆ ਜਾ ਪਿੰਡ  ਵੇਖ  ਲੈ
ਵੇ  ਹਾਕਮਾਂ, ਤੂੰ  ਦਿੱਲੀ ਪੈਂਦੀ
ਛਿੰਝ ਵੇਖ ਲੈ।
ਵੇ ਜ਼ਾਲਮਾਂ, ਤੂੰ ਦਿੱਲੀ ਪੈਂਦੀ
ਛਿੰਝ ਵੇਖ ਲੈ ।

**ਕੇਹਰ ਸ਼ਰੀਫ਼**
**ਜਰਮਨੀ**
**+491733546050**









## ਨਜ਼ਮ

### ਡਾ. ਤਾਰਾ ਸਿੰਘ ਆਲਮ



### ਭਾਰਤ ਤੇਰਾ ਹੈ ਕਿਸਾਨਾ

ਸਾਰੇ ਭਾਰਤ ਤੇ ਰਾਜ ਤੂੰ ਕਰਨਾ,
ਪੱਲੇ ਬੰਨ੍ਹ ਲੈ ਸੱਚ ਸਿਦਕ ਕਿਸਾਨਾ
ਅੰਬਰ ਧਰਤੀ ਅਨਾਜ ਦੇ ਵਾਂਗੂ,
ਤੇਰੇ ਲਈ ਨਾ ਕੋਈ ਬੇਗਾਨਾ

ਦੇਸ਼ ਉਜਾੜੇ ਲੋਕ ਨੇ ਪਾੜੇ,
ਝੂਠਾ ਰਾਜ ਕੀਤਾ ਨੇਤਾਵਾਂ
ਲੋਕ ਰਾਜ ਦੇ ਨਾਂ ਦੇ ਹੇਠਾਂ,
ਕਬਜਾ ਕੀਤਾ ਲੋਟੂ ਸ਼ਾਹਵਾਂ
ਲੋਕ ਰਾਜ ਤੂੰ ਹੈ ਕਰਨਾ,
ਤੈਨੂੰ ਉਹਦਾ ਗੀਤ ਸੁਣਾਵਾਂ
ਫ਼ਸਲ ਤੂੰ ਦੇਸ਼ ਵਿਦੇਸ਼ੀ ਵੇਚੇ,
ਦੂਜੇ ਹੱਥ ਨਾ ਹੋਣ ਲਗਾਵਾਂ
ਲੋਟੂ ਚੋਰਾਂ ਦੀ ਜੜ੍ਹ ਪੁੱਟ ਤੂੰ,
ਸਬਰ ਅਣਖ਼ ਨਾਲ ਬਣਕੇ ਦਾਨਾਂ

ਸਾਰੇ ਭਾਰਤ ਤੇ ਰਾਜ ਤੂੰ ਕਰਨਾ,
ਪੱਲੇ ਬੰਨ ਲੈ ਸੱਚ ਸਿਦਕ ਕਿਸਾਨਾਂ
ਅੰਬਰ ਧਰਤੀ ਅਨਾਜ ਦੇ ਵਾਂਗੂ,
ਤੇਰੇ ਲਈ ਨਾ ਕੋਈ ਬੇਗਾਨਾ

ਕਾਨੂੰਨ ਤਰੀਕੇ ਲੋਕ ਰਾਜ ਵਿਚ,
ਸਾਰੇ ਰਲ ਕੇ ਲੋਕ ਬਣਾਵਣ
ਠੱਗ ਚੋਰ ਝੂਠਾ ਜੇ ਕੋਈ ਹੋਵੇ,
ਤਤਕਾਲ ਉਹਨੂੰ ਜੇਲ੍ਹ ਪਹੁੰਚਾਵਣ
ਠੱਗ ਚੋਰ ਨੇਤਾ ਜੇ ਹੋਵੇ
ਤਤਕਾਲ ਉਹਨੂੰ ਕੁਰਸੀਓਂ ਲਾਹਵਣ
ਪੰਜ ਸਾਲ ਕਿਉਂ ਉਡੀਕਣ ਲੋਕੀਂ,
ਲੋਕਰਾਜ ਦੇ ਅਸੂਲ ਨਿਭਾਵਣ
ਸੱਚਾ ਸੁੱਚਾ ਲੋਕਰਾਜ ਫਿਰ ਹੋਊਗਾ,
ਫੜ ਕੇ ਢਾਹ ਕੇ ਸਾੜ ਕੇ ਰਾਵਣ
ਸਾਰਾ ਭਾਰਤ ਮੁੱਢ ਤੋਂ ਤੇਰਾ,
ਸਦਾ ਯਾਦ ਰੱਖੀਂ ਤੂੰ ਇਹ ਨਿਸ਼ਾਨਾ

ਸਾਰੇ ਭਾਰਤ ਤੇ ਰਾਜ ਤੂੰ ਕਰਨਾ,
ਪੱਲੇ ਬੰਨ ਲੈ ਸੱਚ ਸਿਦਕ ਕਿਸਾਨਾ
ਅੰਬਰ ਧਰਤੀ ਅਨਾਜ ਦੇ ਵਾਂਗੂ,
ਤੇਰੇ ਲਈ ਨਾ ਕੋਈ ਬੇਗਾਨਾ

ਨੰਗਾ ਚਿੱਟਾ ਸਭ ਦੇ ਸਾਹਵੇ,
ਰੱਬ ਨੇ ਸਾਦਾ ਹੈ ਸੰਸਾਰ ਬਣਾਇਆ
ਸਭ ਨੇ ਨੰਗੇ ਖਾਲੀ ਜਾਣਾ,
ਹਰ ਕੋਈ ਨੰਗਾ ਖਾਲੀ ਆਇਆ
ਚੋਰ ਚੱਤੁਰ ਲੋਭੀ ਪੜ੍ਹਿਆਂ,
ਸਾਦਾ ਜੀਵਨ ਹੈ ਉਲਝਾਇਆ
ਇੱਕ ਪਾਸੜ ਕਾਲੇ ਕਾਨੂੰਨ ਬਣਾ ਕੇ,
ਲੋਕਾਂ ਉੱਤੇ ਜ਼ੁਲਮ ਹੈ ਢਾਹਿਆ
ਕਿਸਾਨ ਮਜ਼ਦੂਰ ਏਕਤਾ ਕਰ ਲਓ,
ਜੇ ਸੱਚਾ ਲੋਕ ਰਾਜ ਬਣਾਉਣਾ
ਜ਼ੁਲਮ ਜਬਰ ਤੇ ਧੱਕੜ ਸ਼ਾਹ ਨੂੰ,
ਜ਼ੋਰ ਜਬਰ ਨਾਲ ਪਊਗਾ ਢਾਹੁੰਣਾ
ਧੋਖਾ ਕਰਨਾ ਧਰਮ ਇਨ੍ਹਾਂ ਦਾ,
ਇਕ ਨਾਂ ਇਹਨ੍ਹਾਂ ਬੋਲ ਪੁਗਾਇਆ

ਕਿਵੇਂ ਭਰੋਸਾ ਕਰੋਗੇ ਇਨ੍ਹਾਂ ਤੇ,
ਜਿੰਨਾ ਸਦਾ ਹੀ ਦਗਾ ਕਮਾਇਆ
ਠੱਗਾਂ ਨੇ ਲੋਕਾਂ ਨੂੰ ਲਾਲਚ ਦੇ ਕੇ,
ਸਦਾ ਲੋਕਾਂ ਨੂੰ ਹੈ ਭਰਮਾਇਆ
ਲੋਕ ਸ਼ਕਤੀ ਪਲਟ ਸਕਦੀ ਹੈ ਤਖਤੇ,
ਬਦਲ ਸਕਦੀ ਹੈ ਇਹ ਜ਼ਮਾਨਾ

ਸਾਰੇ ਭਾਰਤ ਤੇ ਰਾਜ ਤੂੰ ਕਰਨਾ,
ਪੱਲੇ ਬੰਨ ਲੈ ਸੱਚ ਸਿਦਕ ਕਿਸਾਨਾ
ਅੰਬਰ ਧਰਤੀ ਅਨਾਜ ਦੇ ਵਾਂਗੂ,
ਤੇਰੇ ਲਈ ਨਾ ਕੋਈ ਬੇਗਾਨਾ

ਤੂੰ ਧਰਤੀ ਦਾ ਪੁੱਤਰ ਸੂਰਜ ਦਾ
ਟੁਕੜਾ,
ਹਰ ਸ਼ੈਅ ਤੇਰੇ ਨਾਲ ਜਵਾਨਾਂ

ਜ਼ਾਲਮ ਨੂੰ ਹੈ ਰਲ ਕੇ ਢਾਹੁੰਣਾ,
ਹਿੰਦੂ ਸਿੱਖ ਈਸਾਈ ਮੁਸਲਮਾਨਾਂ
ਤੇਰੇ ਮੋਢੇ ਨਾਲ ਮੋਢਾ ਲਾਇਆ,
ਸੱਚੇ ਸਿਦਕੀ ਕਲਾਕਾਰਾਂ ਵਿਦਵਾਨਾਂ
ਏਕਤਾ ਸੱਚ ਤੇ ਡਟਿਆ ਰਹਿ ਤੂੰ,
ਸਾਰਾ ਆਲਮ ਗਾਉ ਤੇਰਾ ਤਰਾਨਾ

ਸਾਰੇ ਭਾਰਤ ਤੇ ਰਾਜ ਤੂੰ ਕਰਨਾ,
ਪੱਲੇ ਬੰਨ੍ਹ ਲੈ ਸੱਚ ਸਿਦਕ ਕਿਸਾਨਾਂ
ਅੰਬਰ ਧਰਤੀ ਅਨਾਜ ਦੇ ਵਾਂਗੂ,
ਤੇਰੇ ਲਈ ਨਾ ਕੋਈ ਬੇਗਾਨਾ

**ਡਾ. ਤਾਰਾ ਸਿੰਘ ਆਲਮ**
**ਲੰਡਨ, ਇੰਗਲੈਂਡ**
**+447448961313**






## ਗੀਤ

### ਦੁੱਖਭੰਜਨ ਸਿੰਘ ਰੰਧਾਵਾ



## ਹਾਕਮਾ ਇੱਕ ਚੀਜ਼ ਨਾ ਭੁੱਲੀਂ

ਹਾਕਮਾ ਇੱਕ ਚੀਜ਼ ਨਾ ਭੁੱਲੀਂ,
ਓਏ ਮੈਂ ਕਿਰਸਾਨ ਦਾ ਪੁੱਤ ਹਾਂ ।
ਜਿਸ ਨੂੰ ਅੰਨ੍ਦਾਤਾ ਕਹਿੰਦੇ ਨੇ,
ਮੈਂ ਉਸ ਭਗਵਾਨ ਦਾ ਪੁੱਤ ਹਾਂ ।
ਹਾਕਮਾ ਇੱਕ ਚੀਜ਼ ਨਾ ਭੁੱਲੀਂ,
ਓਏ ਮੈਂ ਕਿਰਸਾਨ ਦਾ ਪੁੱਤ ਹਾਂ ।

ਜੱਟ ਜੋ ਮੂੰਹੋਂ ਕਹਿ ਦਏ,
ਉਹੀਉ ਕਰਕੇ ਵਿਖਾ ਦੇਂਦਾ ।
ਚੰਗਿਆਂ ਨਾ ਚੰਗਾ ਏ,
ਬੁਰਿਆਂ ਨੂੰ ਮੱਤ ਸਿਖਾ ਦੇਂਦਾ ।
ਜੋ ਕਰਕੇ ਮੁੱਕਰਦਾ ਨਹੀਂ,
ਉਸ ਜ਼ੁਬਾਨ ਦਾ ਪੁੱਤ ਹਾਂ ।
ਹਾਕਮਾ ਇੱਕ ਚੀਜ਼ ਨਾ ਭੁੱਲੀਂ,
ਓਏ ਮੈਂ ਕਿਰਸਾਨ ਦਾ ਪੁੱਤ ਹਾਂ ।

ਮੈਨੂੰ ਜਾਣੀਂ ਨਾ ਤੀਲਾ ਮੈਂ,
ਬਹੁਕਰ ਬਣਕੇ ਹੂੰਝ ਦੇਊਂ ।
ਜੇ ਆਕੜ ਛੱਡੀ ਨਾ ਆਪਣੀਂ,
ਤੈਨੂੰ ਨਕਸ਼ੇ ਤੋਂ ਪੂੰਝ ਦੇਊਂ ।
ਮੈਂ ਪੱਖੀਆਂ ਦੀ ਝੱਲ ਨਈਂ,
ਮੈਂ ਤੂਫਾਨ ਦਾ ਪੁੱਤ ਹਾਂ ।
ਹਾਕਮਾ ਇੱਕ ਚੀਜ਼ ਨਾ ਭੁੱਲੀਂ,
ਓਏ ਮੈਂ ਕਿਰਸਾਨ ਦਾ ਪੁੱਤ ਹਾਂ ।

ਕਿਸੇ ਤੋਂ ਮੰਗ ਕੇ ਨਈਂ ਖਾਂਦਾ,
ਸਭ ਮੇਰੀ ਬੀਜੀ ਖਾਂਦੇ ਨੇ ।
ਜੱਟ ਨੂੰ ਸਲਾਮ ਕਰਦੇ ਨੇ,
ਜੋ ਲੋਕ ਵੀ ਮੰਡੀ ਜਾਂਦੇ ਨੇ ।
ਜੋ ਹੱਕ-ਹਲਾਲ ਦੀ ਖਾਵੇ,
ਓ ਦੀਨ ਈਮਾਨ ਦਾ ਪੁੱਤ ਹਾਂ ।
ਹਾਕਮਾ ਇੱਕ ਚੀਜ਼ ਨਾ ਭੁੱਲੀਂ,
ਓਏ ਮੈਂ ਕਿਰਸਾਨ ਦਾ ਪੁੱਤ ਹਾਂ ।

ਮੈਂ ਘਾਟੇ ਵਾਧੇ ਨਹੀਂ ਦੇਖਦਾ,
ਜਦ ਕੁਝ ਕਰਨ ਤੇ ਆਵਾਂ ।
ਜਾਂ ਮਰ ਜਾਨਾਂ ਜਾਂ ਮਾਰ ਦੇਨਾਂ,
ਜਦੋਂ ਵੀ ਮਰਨ ਤੇ ਆਵਾਂ ।
ਮੈਂ ਤੇਰੇ ਨਫ਼ੇ ਦਾ ਨਹੀਂ ਤੇਰੇ,
ਨੁਕਸਾਨ ਦਾ ਪੁੱਤ ਹਾਂ ।
ਹਾਕਮਾ ਇੱਕ ਚੀਜ਼ ਨਾ ਭੁੱਲੀਂ,
ਓਏ ਮੈਂ ਕਿਰਸਾਨ ਦਾ ਪੁੱਤ ਹਾਂ ।

ਤੇਰਾ ਹੁਣ ਤਖ਼ਤ ਹਿਲਾ ਦੇਣੈ,
ਜਿਹੜੇ ਤੂੰ ਤਖ਼ਤ ਤੇ ਚੜ੍ਹ ਬੈਠੈਂ ।
ਉਹ ਘੁਰਨਾ ਵੀ ਲੱਭਲਾਂਗੇ,
ਜਿਸਦੇ ਵਿੱਚ ਜਾ ਕੇ ਵੜ ਬੈਠੈਂ ।
ਮੈਂ ਨੇਜ਼ਿਆਂ, ਤੇਗਾਂ ਤੇ ਸੁਣ,
ਕਿਰਪਾਨ ਦਾ ਪੁੱਤ ਹਾਂ ।
ਹਾਕਮਾ ਇੱਕ ਚੀਜ਼ ਨਾ ਭੁੱਲੀਂ,
ਓਏ ਮੈਂ ਕਿਰਸਾਨ ਦਾ ਪੁੱਤ ਹਾਂ ।

ਮੈਂ ਪਿਆਰਿਆਂ ਨੂੰ ਤੋਹਫ਼ੇ ਵਿੱਚ,
ਸਦਾ ਗੁਲਾਬ ਦੇਂਦਾ ਹਾਂ ।
ਓਏ ਜੋ ਅੱਗੋਂ ਕੌੜਦੈ ਮੈਨੂੰ,
ਮੂੰਹ ਭੰਨ ਜਵਾਬ ਦੇਂਦਾ ਹਾਂ ।
ਅਸੀ ਕਦੇ ਭੀਖ ਨਈਂ ਮੰਗਦੇ,

ਦਾਨੀਆਂ ਦੇ ਦਾਨ ਦਾ ਪੁੱਤ ਹਾਂ ।
ਹਾਕਮਾ ਇੱਕ ਚੀਜ਼ ਨਾ ਭੁੱਲੀਂ,
ਓਏ ਮੈਂ ਕਿਰਸਾਨ ਦਾ ਪੁੱਤ ਹਾਂ ।

ਸਿੰਘਾਂ ਕਈ ਵਾਰ ਜਿੱਤੀ ਏ ਤੂੰ,
ਕਿਹੜੀ ਦਿੱਲੀ ਦੀ ਗੱਲ ਕਰਦੈਂ ।
ਘੰਟੀ ਸਦਾ ਸਿੰਘਾ ਨੇ ਗਲ ਪਾਈ,
ਜਿਹੜੀ ਬਿੱਲੀ ਦੀ ਗੱਲ ਕਰਦੈਂ ।
ਮੈਂ ਤਾਂ ਪੂਰੀ ਦਿੱਲੀ ਵਿੱਚ ਹੋਏ,
ਪਏ ਐਲਾਨ ਦਾ ਪੁੱਤ ਹਾਂ ।
ਹਾਕਮਾ ਇੱਕ ਚੀਜ਼ ਨਾ ਭੁੱਲੀਂ,
ਓਏ ਮੈਂ ਕਿਰਸਾਨ ਦਾ ਪੁੱਤ ਹਾਂ ।

ਅਸਾਂ ਕਦੇ ਜੋਸ਼ ਵਿੱਚ ਆ ਕੇ,
ਆਪਣਾ ਹੋਸ਼ ਨਹੀਂ ਖੋਇਆ ।
ਅਸੀਂ ਅੱਗ ਅੰਦਰ ਬਾਲਦੇ ਆਂ,
ਕਦੇ ਆਕਰੋਸ਼ ਨਹੀਂ ਖੋਇਆ ।
ਹੁਣ ਹੋਣੈਂ ਜੋ ਤੂੰ ਵੇਖੀਂ ਓਏ,
ਮੈਂ ਤਾਂ ਘਮਸਾਨ ਦਾ ਪੁੱਤ ਹਾਂ ।
ਹਾਕਮਾ ਇੱਕ ਚੀਜ਼ ਨਾ ਭੁੱਲੀਂ,
ਓਏ ਮੈਂ ਕਿਰਸਾਨ ਦਾ ਪੁੱਤ ਹਾਂ

ਦੁੱਖਭੰਜਨ ਇੱਕ ਨਈਂ ਏਥੇ,
ਦੁੱਖਭੰਜਨ ਲੱਖਾਂ ਹੋ ਗਏ ਨੀ ।
ਦੁੱਖਭੰਜਨ ਵੇਖ ਚੁਫ਼ੇਰੇ ਆ ਕੇ,
ਥਾਂ-ਥਾਂ ਤੇ ਖਲੋ ਗਏ ਨੀ ।
ਮੈਂ ਗੁਰੂ ਗ੍ਰੰਥ ਸਾਹਿਬ, ਗੀਤਾ ਤੇ,
ਬਾਈਬਲ, ਕੁਰਾਨ ਦਾ ਪੁੱਤ ਹਾਂ ।
ਹਾਕਮਾ ਇੱਕ ਚੀਜ਼ ਨਾ ਭੁੱਲੀਂ,
ਓਏ ਮੈਂ ਕਿਰਸਾਨ ਦਾ ਪੁੱਤ ਹਾਂ

**ਦੁੱਖਭੰਜਨ ਸਿੰਘ ਰੰਧਾਵਾ**
**ਪੁਰਤਗਾਲ ਯੂਰਪੀਨ ਯੂਨੀਅਨ**
**+351920036369**






ਨਜ਼ਮ

## ਗੁਰਪ੍ਰੀਤ ਕੌਰ ਗੈਦੂ



## ਕਿਰਸਾਨੀ ਮਹਾਂ ਘੋਲ

ਇਹ ਹੈ ਹੋਕਾ
ਕਿਰਸਾਨੀ ਮਹਾਂ ਘੋਲ ਦਾ
ਜਦੋਂ ਸਾਰੇ ਵਿਸ਼ਵ ਦੇ
ਹਰ ਕਿਰਸਾਨ ਦਾ ਖ਼ੂਨ ਖ਼ੌਲਦਾ।

ਪੈਂਦੇ ਮੀਂਹ
ਪੈਂਦਾ ਕੱਕਰ
ਚੱਲਿਆ ਹਰ ਕਿਸਾਨ
ਦਿੱਲੀ ਨੂੰ
ਬਣਿਆ ਫ਼ੱਕਰ
ਕਈਆਂ ਦੇ ਘਰ
ਵਿਛ ਗਏ ਸੱਥਰ
ਉੱਠ ਗਏ ਸਿਰਾਂ ਤੋਂ ਸਾਏ
ਗਏ ਸੀ ਦਿੱਲੀ ਗੱਜਦੇ ਵੱਜਦੇ
ਪਰ ਲੋਥਾਂ ਬਣ ਕੇ ਵਾਪਿਸ ਆਏ।

ਸਦਾ ਉਡੀਕਣਗੇ ਉਦਾਸੇ ਨੈਣਾਂ
ਗਿਆ ਹੈ ਸੀਨਾ ਵਿੰਨ੍ਹਿਆ ਸੁਣ ਕੇ
ਵੈਰਾਗੇ ਵੈਣਾਂ
ਚੱਲੀਆਂ ਨਿਆਂ ਦਾ ਕੁੰਡਾ ਖੜਕਾਵਣ
ਸਾਡੀਆਂ ਬੀਬੀਆਂ, ਬੇਬੇ ਤੇ ਭੈਣਾਂ।

ਰੱਜੀ ਰੂਹ ਸਾਡੇ ਕਿਰਸਾਨ
ਲਾਏ ਲੰਗਰ ਨਾ ਕਰਾਵਣ ਅਹਿਸਾਨ
ਨਾ ਮੰਗਣ ਇੱਕ ਵੀ ਪੈਸਾ ਨਿਹੱਕਾ
ਹੱਕ-ਸੱਚ ਦੀ ਲੜਨ ਲੜਾਈ
ਅਜੇ ਵੀ ਦੇਖ ਹਾਕਮ ਨੂੰ ਅਕਲ ਨਾ
ਆਈ
ਬਾਪੂ ਆਖੇ ਬੇਬੇ ਆਖੇ,
ਜਾਣਾ ਹੱਕ ਅਸੀਂ ਹੈ ਲੈ ਕੇ ਜ਼ਾਲਮੋਂ
ਦਾਅ 'ਤੇ ਜਿੰਦ ਅਸਾਂ ਨੇ ਲਾਈ

ਨਿੱਕੇ ਨਿੱਕੇ ਬਾਲ ਵੀ ਰਹੇ ਨਾ ਹੱਟ
ਪਿੱਛੇ
ਦਿੰਦੇ ਹੋਕਾ ਮੂਹਰੇ ਛਾਤੀ ਠੋਕ ਕੇ
ਅਸੀਂ ਨਾ ਰੁਕਦੇ ਹੁਣ
ਵਿਖਾਵੇ ਸਾਨੂੰ ਕੋਈ ਰੋਕ ਕੇ।

ਏਕਾਏਕਾ ਕਰਦੇ ਸੀ
ਹੁਣ ਏਕੇ ਦੀ ਰੁੱਤ ਆਈ
ਹਰ ਘਰ ਦਰ ਦੇ ਵਿੱਚੋਂ ਇੱਕ ਇੱਕ
ਕਰਕੇ
ਬਸੰਤੀ ਆਈ, ਸੰਤੀ ਆਈ

ਰਿਹਾ ਨਾ ਪਿੱਛੇ
ਨਾ ਕੋਈ ਕਰਤਾਰ ਸਿਉਂ
ਨਾ ਕੋਈ ਪਿਆਰ ਸਿਉਂ
ਬੈਠੇ ਦਿੱਲੀ ਕੋਨੇ ਮੱਲ ਕੇ
ਹਰ ਕਿਸਾਨ ਆਇਆ
ਦੇਸ਼/ਪ੍ਰਦੇਸ਼ ਵਿੱਚੋਂ ਚੱਲ ਕੇ।

ਰੰਗ ਬਰੰਗੇ ਫੁੱਲ ਨੇ ਲੱਗਦੇ
ਰੰਗ-ਬਿਰੰਗੀਆਂ ਪੱਗਾਂ ਬੰਨ੍ਹ ਕੇ ਬੈਠੇ
ਸਰਦਾਰੀ ਕਾਇਮ ਰੱਖ ਕੇ
ਪ੍ਰੀਤ ਕਰੇ ਅਰਦਾਸ
ਹੇ ਸੱਚੇ ਪਾਤਸ਼ਾਹ

ਜਲਦੀ ਨਿਆਂ ਹੱਕ ਸੱਚ ਦੇਹ
ਸਿਰ 'ਤੇ ਮਿਹਰ ਭਰਿਆ ਹੱਥ ਰੱਖ
ਦੇਹ
ਘਰ ਨੂੰ ਸੁੱਖੀ ਸਾਂਦੀ ਹਰ ਬੱਚਾ
ਬੁੱਢਾ ਜਾਵੇ
ਜਾ ਕੇ ਘਰਾਂ ਵਿੱਚ ਹਰ ਕੋਈ
ਆਪਣੇ ਘਰ ਦੀ ਰੋਟੀ ਪੱਕੀ ਖਾਵੇ
ਆਪਣੇ ਘਰ ਦੀ ਰੋਟੀ ਪੱਕੀ ਖਾਵੇ

**ਗੁਰਪ੍ਰੀਤ ਕੌਰ ਗੈਦੂ**
**ਪੈਟ੍ਰਾਸ, ਗਰੀਸ**
**+306907644282**






## ਗੀਤ

## ਬਿੰਦਰ ਕੋਲੀਆਂ ਵਾਲ



ਹੋ ਗਿਆ ਕੱਠ ਦੇਖ ਲੈ ਭਾਰੀ,
ਤੇਰੀ ਹਿੱਕ ਤੇ ਆਣ ਬੈਠੀ ਸਰਦਾਰੀ,
ਕਿਉਂ ਤੂੰ ਸਾਡੇ ਹੱਕ ਪਾਪਣੇ ਖੋਹਵੇਂ,
ਤੇਰੀ ਮੱਤ ਗਈ ਕਿਉਂ ਮਾਰੀ,
ਅੱਜ ਕੱਠੇ ਹੋ ਕੇ ਆ ਗਏ ਦੇਖ
ਪੰਜਾਬ, ਬਿਹਾਰ ਦਿੱਲੀਏ ਨੀ,
ਹੁਣ ਰਲ ਮਿਲ ਤੇਰਾ ਕਰਾਂਗੇ ਅਸੀਂ
ਸ਼ਿਕਾਰ ਦਿੱਲੀਏ ਨੀ।

ਤੇਰੀ ਮਿੱਟਦੀ ਹੋਂਦ ਬਚਾਉਣ ਲਈ
ਅਸੀਂ ਲੜਦੇ ਰਹੇ,
ਸਦਾ ਜਾਨ ਤਲੀ ਤੇ ਧਰ ਕੇ
ਤੇਰੇ ਮੂਹਰੇ ਖੜ੍ਹਦੇ ਰਹੇ,
ਆਪਣੇ ਲਹੂ ਨਾਲ ਕੀਤਾ ਸੀ
ਤੇਰਾ ਸ਼ਿੰਗਾਰ ਦਿੱਲੀਏ ਨੀ,
ਹੁਣ ਰਲ ਮਿਲ ਤੇਰਾ ਕਰਾਂਗੇ ਅਸੀਂ
ਸ਼ਿਕਾਰ ਦਿੱਲੀਏ ਨੀ।

ਭਰਮ ਸੀ ਤੇਰੇ ਦਿਲ ਦਾ ਕਿ ਪੰਜਾਬ
ਨਸ਼ਿਆਂ ਵਿੱਚ ਰੋੜ ਦਿੱਤਾ,
ਕੁਝ ਚੁਰਾਸੀ ਵਿੱਚ ਮੁਕਾਇਆ ਬਾਕੀ
ਵਿਦੇਸ਼ੀ ਤੋਰ ਦਿੱਤਾ,
ਤੂੰ ਸਦਾ ਗੁਲਾਮੀ ਵਾਲਾ ਪਾਇਆ
ਸਾਡੇ ਗਲ਼ ਹਾਰ ਦਿੱਲੀਏ ਨੀ,
ਹੁਣ ਰਲ ਮਿਲ ਤੇਰਾ ਕਰਾਂਗੇ ਅਸੀਂ
ਸ਼ਿਕਾਰ ਦਿੱਲੀਏ ਨੀ।

ਇਹ ਭਰਮ ਸੀ ਜ਼ਾਲਮਾ ਤੇਰਾ
ਖਵਰੇ ਇਹਨਾਂ ਨੇ ਮੁੜ ਜਾਣਾ,
ਬਾਹਰ ਸਿਆਲੀ ਬਹਿਣਾ ਔਖਾ
ਕਿੱਥੋ ਇਹਨਾਂ ਨੇ ਖਾਣਾ,
ਦੇਖ ਸੜਕਾਂ ਦੀ ਕਿਵੇਂ ਲੰਗਰਾਂ ਵਿੱਚ
ਬਦਲੀ ਨੁਹਾਰ ਦਿੱਲੀਏ ਨੀ,
ਹੁਣ ਰਲ ਮਿਲ ਤੇਰਾ ਕਰਾਂਗੇ ਅਸੀਂ
ਸ਼ਿਕਾਰ ਦਿੱਲੀਏ ਨੀ।

ਬਿੰਦਰ ਬਚਪਨ ਨਾਲ ਜਵਾਨੀ ਬੁਢਾਪੇ
ਨੂੰ ਲੈ ਤੁਰਿਆ,
ਮਜ਼ਦੂਰ ਕਿਸਾਨ ਹੋ ਗਏ ਕੱਠੇ
ਵਪਾਰੀ ਵੀ ਆ ਜੁੜਿਆ,
ਦੇਸ਼ ਦਾ ਰਾਖਾ ਸੋਧੂ ਸਾਰੇ
ਹੁਣ ਗਦਾਰ ਦਿੱਲੀਏ ਨੀ,
ਹੁਣ ਰਲ ਮਿਲ ਤੇਰਾ ਕਰਾਂਗੇ ਅਸੀਂ
ਸ਼ਿਕਾਰ ਦਿੱਲੀਏ ਨੀ।

**ਬਿੰਦਰ ਕੋਲੀਆਂ ਵਾਲ**
**ਵਿਸੈਂਜਾ, ਇਟਲੀ**
**+393279435236**

## ਨਜ਼ਮ

ਡਾ. ਕਰਨੈਲ ਸ਼ੇਰਗਿੱਲ



# ਸੁਪਰਮੈਨ

ਸਿਸਕਦਾ ਸਿਸਕਦਾ ਮਰ ਜਾਏਗਾ ਉਹ,
ਸ਼ਾਇਦ ਉਸ ਨੂੰ ਮੌਕਾ ਹੀ ਨਾ ਮਿਲਿਆ,
ਵਾਦ-ਵਿਵਾਦ 'ਚ ਪੈਣ ਦਾ।
ਉਸ ਦੀ ਸਮਝ ਦੇ ਕਦਮ,
ਨਾ ਸੱਜੇ ਮੁੜਦੇ,
ਨਾ ਖੱਬੇ ਮੁੜਦੇ,
ਬਸ ਸੁੱਖ-ਸ਼ਾਂਤ ਰਸਤਿਆਂ 'ਤੇ ,
ਸਾਰੀ ਉਮਰ ਚਲਣ ਦੀ ,
ਇੱਛਾ ਕਰਦਾ,
ਆਪਣੀ ਹੋਂਦ ਨੂੰ ਜਾਨਣ ਦੀ ਅਸਮਰੱਥਾ,
ਨਾਲ ਜੂਝਦਾ ਮਗਜ਼-ਮਾਰੀ ਕਰਦਾ,
ਹਾਰ ਮੰਨਦਾ,
ਸਿਸਕਦਾ ਸਿਸਕਦਾ ਮਰ ਜਾਏਗਾ ਉਹ।

ਤੇ ਮਰ ਜਾਣ ਤੋਂ ਪਹਿਲਾ ਉਹ
ਰੱਬ ਰਹੀਮ ਦਾ ਪਰਚਾਰ ਕਰੇਗਾ
ਖੋਜ ਕਰੇਗਾ, ਪੜਚੋਲ ਕਰੇਗਾ,
ਕਾਇਨਾਤ ਨੂੰ ਜਾਣੇਗਾ,
ਬ੍ਰਹਿਮੰਡ 'ਤੇ ਆਰਤੀ ਲਿਖੇਗਾ,
ਪਰ ਫਿਰ ਵੀ ਸਮੇਂ ਤੇ ਉਮਰਾਂ ਦੀ ਮਾਰ
ਖਾਂਦਾ,
ਗ੍ਰੰਥ , ਮਹਾਂ-ਗ੍ਰੰਥ ਪੜੇਗਾ ਲਿਖੇਗਾ,
ਆਪਣੀ ਤੇ ਕਾਇਨਾਤ ਦੀ ਹੋਂਦ ਜਾਨਣ
ਲਈ,
ਪਰ ਆਪਣੀ ਅਸਮਰੱਥਾ ਤੋਂ ਜਾਣੂ ਹੋ,
ਸਿਸਕਦਾ ਸਿਸਕਦਾ ਮਰ ਜਾਏਗਾ ਉਹ।

ਮਰ ਜਾਣ ਤੋਂ ਪਹਿਲਾ,
ਉਸ ਨੂੰ ਮੌਕਾ ਹੀ ਨਾ ਮਿਲਿਆ,
ਧਰਤੀਆਂ, ਦੇਸਾਂ, ਤੇ ਇਨਸਾਨਾਂ
ਵਿਚਕਾਰ,
ਸੀਮਾਵਾਂ ਤੇ ਦਾਇਰਿਆਂ ਨੂੰ ਮਿਟਾਵਣ
ਦਾ।
ਉੱਚੀਆਂ ਕੰਧਾਂ ਤੇ ਕੰਡਿਆਲੀਆਂ ਵਾੜਾਂ
ਨੂੰ,
ਸਦਾ ਲਈ ਢਾਵਣ ਦਾ।,
ਫਿਰ ਉਹ ਬਿਨ-ਸਫ਼ਰਨਾਮੇ ਪੰਛੀਆਂ
ਵਾਂਗ,
ਪੁਲਾੜਾਂ ਵਿਚ ਆਲਣੇ ਢੂੰਡਦਾ,
ਸਿਸਕਦਾ ਸਿਸਕਦਾ ਮਰ ਜਾਏਗਾ ਉਹ।

ਮਰ ਜਾਣ ਤੋਂ ਪਹਿਲਾ,
ਉਸ ਨੂੰ ਮੌਕਾ ਹੀ ਨਾ ਮਿਲਿਆ,
ਮਾਨਵ ਦੇ ਜ਼ਿਹਨ 'ਚੋ,
ਕਾਮ, ਕਰੋਧ, ਲੋਭ, ਮੋਹ, ਹੰਕਾਰ,
ਈਰਖਾ, ਜਾਤ-ਪਾਤ, ਲਿੰਗੀ,
ਅਤੇ ਨਸਲੀ ਵਿਤਕਰੇ ਖਤਮ ਕਰਨ ਦਾ।
ਉਹ ਬਸ ਸਾਰੀ ਉਮਰ
ਸੁਪਰ੍ਪਾਵਰ ਦੀ ਮੰਗ ਕਰਦਾ ਰਹੇਗਾ,
ਰਾਮ ਰਹੀਮ, ਮਸੀਹਾ, ਨਾਨਕ,
ਬੁੱਧ ਤੇ ਸੁਪਰ ਮੈਨ ਬਨਣ ਲਈ,
ਪਰ ਆਪਣੀ ਅਣਹੋਂਦ ਦੇ,
ਉਲਝੇ ਪਰਛਾਵੇਂ ਨਾਲ ਬ੍ਰਹਿਮੰਡ ਵਿਚ
ਲਟਕਦਾ,
ਸਿਸਕਦਾ ਸਿਸਕਦਾ ਮਰ ਜਾਏਗਾ ਉਹ।
ਸਿਸਕਦਾ ਸਿਸਕਦਾ ਮਰ ਜਾਏਗਾ

**ਡਾ. ਕਰਨੈਲ ਸ਼ੇਰਗਿੱਲ**
**ਲੀਸੈਸਟਰ, ਯੂ. ਕੇ.**

## ਨਜ਼ਮ

**ਡਾ. ਦੇਵਿੰਦਰ ਕੌਰ**



### ਰੋਕਿਆਂ ਰੁਕਦੇ ਕਦੋਂ ਨੇ ਕਾਫ਼ਲੇ

ਰੋਕਿਆਂ ਰੁਕਦੇ ਕਦੋਂ ਨੇ ਕਾਫ਼ਲੇ
ਸਿਰ ਤੇ ਕਫ਼ਨ ਬੰਨ੍ਹ ਤੁਰੇ ਨੇ ਕਾਫ਼ਲੇ
ਉਂਝ ਤਾਂ ਤੂੰ ਵੀ ਵਾਹ ਬੜੀ ਲਾਉਂਦਾ ਰਿਹਾ
ਫੇਰ ਵੀ ਤੈਥੋਂ ਡਰਨ ਨਾ ਕਾਫ਼ਲੇ
ਤੇਰੀਆਂ ਨੀਯਤਾਂ ਨੂੰ ਉਹ ਪਹਿਚਾਣਦੇ
ਇਸ ਲਈ ਤਾਂ ਤੁਰ ਪਏ ਨੇ ਕਾਫ਼ਲੇ
ਕਾਫ਼ਲੇ ਜਦ ਬਣ ਗਏ ਤੂਫ਼ਾਨ ਫਿਰ
ਕੀ ਹੋਵੇਗਾ ਹਸ਼ਰ ਤੇਰਾ ਜਾਣ ਲੈ
ਏਸ ਲਈ ਹੁਣ ਸਮਝ ਲੈ ਪਹਿਚਾਣ ਲੈ
ਸਿਰ ਤਲੀ ’ਤੇ ਧਰ ਤੁਰੇ ਨੇ ਕਾਫ਼ਲੇ।

### ਇਨਸਾਨਾਂ ਦੀ ਨਗਰੀ ਵਿੱਚ

ਇਨਸਾਨਾਂ ਦੀ ਨਗਰੀ ਵਿਚ
ਇਕ ਐਸਾ ਹਾਕਮ ਆਇਆ ਹੈ।
ਜਿਸ ਦੇ ਅੰਦਰ ਦੀ ਸ਼ੈਤਾਨੀ
ਕਿਸੇ ਸੰਤ ਦਾ ਚੋਲਾ ਪਾਇਆ ਹੈ।
ਕੱਲ੍ਹ ਹਿੰਦੂ, ਮੁਸਲਿਮ ਵੰਡਦਾ ਸੀ
ਅੱਜ ਹਿੰਦੂ ਸਿੱਖ ਵੰਡਣਾ ਚਾਹਵੇ
ਉਹ ਨਹੀਂ ਜਾਣਦਾ ਨਾ ਸੋਚੇ
ਕਿਸ ਆਫ਼ਤ ਓਸ ਬੁਲ਼ਾਇਆ ਹੈ।
ਕਿਰਤੀ ਕਿਰਸਾਨਾਂ ਦੀ ਮਿਹਨਤ
ਜੇ ਉਸਨੇ ਖੋਹਣੀ ਚਾਹੀ ਤਾਂ
ਸਮਝੋ ਫਿਰ ਉਸਤੇ ਲਟਕ ਰਿਹਾ
ਅਣਦਿਸਦੇ ਕਹਿਰ ਦਾ ਸਾਇਆ ਹੈ।
ਇਹ ਧਰਤੀ ਸਾਰੇ ਲੋਕਾਂ ਦੀ
ਸਾਰੇ ਹੀ ਇਸਦੇ ਰਾਜੇ ਨੇ
ਨਾ ਕਰ ਬੈਠੀਂ ਕੋਈ ਨਾਦਾਨੀ
ਇਕ ਸ਼ਾਇਰ ਇੰਝ ਫੁਰਮਾਇਆ ਹੈ

**ਡਾ. ਦੇਵਿੰਦਰ ਕੌਰ**
**ਵਾਲਵਰਹੈਮਪਟਨ, ਯੂ. ਕੇ.**



## ਨਜ਼ਮ

## ਮਨਜੀਤ ਕੌਰ ਪੱਡਾ



### ਕਿਸਾਨ ਦੀ ਧੀ

ਤੂੰ ਵੀ ਪੁੱਤ ਕਿਸਾਨ ਦਾ ਤੇ ਮੈਂ ਵੀ
ਧੀ ਕਿਸਾਨ ਦੀ
ਚੱਲ ਆਪਾਂ ਦੋਵੇਂ ਚੱਲੀਏ ਅੱਜ ਘੜੀ
ਹੈ ਇਮਤਿਹਾਨ ਦੀ

ਅਸਾਂ ਹਾਕਮ ਦਾ ਮੂਹੰ ਮੋੜਨਾ ਉਹਨੂੰ
ਬਿੱਲ ਪਊਗਾ ਤੋੜਨਾ
ਇਹ ਗੱਲ ਰਹੀ ਨੀ ਆਮ ਜਿਹੀ
ਇਹ ਗੱਲ ਹੈ ਹੁਣ ਈਮਾਨ ਦੀ
ਇਹ ਘੜੀ ਹੈ ਇਮਤਿਹਾਨ ਦੀ

ਚੱਲ ਆਪਾਂ ਦੋਵੇਂ ਚੱਲੀਏ ਥਾਂ ਮੋਰਚੇ
ਦੇ ਵਿਚ ਮੱਲੀਏ
ਇਸ ਸਾਂਝੀ ਜੰਗ ਨੂੰ ਜਿਤੱਣਾ
ਪ੍ਰਵਾਹ ਨੀ ਕਰਨੀ ਜਾਨ ਦੀ
ਇਹ ਘੜੀ ਹੈ ਇਮਤਿਹਾਨ ਦੀ

ਆਜਾ ਜਨਤਾ ਦੇ ਨਾਲ ਖੜਜੀਏ ਤੇ
ਮੰਗ ਆਪਣੀ ਤੇ ਅੜਜੀਏ
ਕਿਤੇ ਖਾਲੀ ਹੱਥ ਨਾ ਮੁੜਜੀਏ
ਪਿੱਠ ਲਾਉਣੀ ਹੈ ਬੇਇਮਾਨ ਦੀ
ਇਹ ਘੜੀ ਹੈ ਇਮਤਿਹਾਨ ਦੀ

ਸਾਨੂੰ ਠੰਡਾ ਨੇ ਨੀ ਠਾਰਨਾ
ਤੇ ਗਰਮੀ ਨੇ ਮਾਰਨਾ
ਅਸੀਂ ਬੱਚੇ ਗੁਰੂ ਗੋਬਿੰਦ ਦੇ
ਰੁੱਤ ਆਈ ਹੈ ਬਲੀਦਾਨ ਦੀ
ਇਹ ਘੜੀ ਹੈ ਇਮਤਿਹਾਨ ਦੀ

ਤੂੰ ਵੀ ਪੁੱਤ ਕਿਸਾਨ ਦਾ ਤੇ ਮੈਂ ਵੀ
ਧੀ ਕਿਸਾਨ ਦੀ
ਚੱਲ ਤਾਕਤ ਬਣੀਏ ਕਿਸਾਨ ਦੀ
ਤੂੰ ਵੀ ਪੁੱਤ ਕਿਸਾਨ ਦਾ ਤੇ ਮਨਜੀਤ
ਵੀ ਧੀ ਕਿਸਾਨ ਦੀ
ਚੱਲ ਆਪਾਂ ਦੋਵੇਂ ਚੱਲੀਏ ਅੱਜ ਘੜੀ
ਹੈ ਇਮਤਿਹਾਨ ਦੀ
ਇਹ ਘੜੀ ਹੈ ਇਮਤਿਹਾਨ ਦੀ।

### ਕਿਸਾਨ ਨੂੰ ਸੁਨੇਹਾ

ਮੇਰੇ ਦੇਸ਼ ਦੇ ਕਿਸਾਨਾਂ ’ਤੇ
ਇਹ ਕੈਸਾ ਚੱਕਰ ਚੱਲਿਆ ਏ
ਹੱਕ ਉਨ੍ਹਾਂ ਦੇ ਖੋਹਣ ਲਈ
ਹਾਕਮਾ ਸੁਨੇਹਾ ਘੱਲਿਆ ਏ

ਮੇਰੇ ਦੇਸ਼ ਦਾ ਜਵਾਨ ਅੰਨਦਾਤਾ
ਜੋ ਕਿਸਾਨ
ਅੱਜ ਭੀੜ ਉਸ ’ਤੇ ਬਣੀ

ਜੀਹਨੂੰ ਦੁਨੀਆ ਕਰੇ ਸਲਾਮ
ਜ਼ਿੰਦਗੀ ’ਚ ਇਹੋ ਜਿਹੀਆਂ
ਹਨੇਰੀਆਂ ਵੀ ਆਉਦੀਆਂ
ਪਰ ਆਸਾਂ ਵਾਲੇ ਦੀਪ
ਇਹ ਮੁਸ਼ਕਲਾਂ ਜਗਾਉਦੀਆਂ

ਤੈਨੂੰ ਵੱਜੀ ਏ ਸੱਟ ਕਰਾਰੀ
ਪਰ ਤੂੰ ਹਿੰਮਤ ਨਾ ਹਾਰੀ
ਤੇਰੀ ਬਹਾਦਰੀ ਦੇ ਅੱਗੇ ਝੁਕੂ
ਸਰਕਾਰ ਹਤਿਆਰੀ
ਤੂੰ ਨਹੀਂ ਕਮਜ਼ੋਰ
ਤੂੰ ਤੇ ਬੜਾ ਦਲੇਰ ਏਂ
ਹੱਕ ਸੱਚੇ ਲਈ ਤੂੰ ਤਾਂ ਬੱਬਰ ਸ਼ੇਰ
ਏਂ
ਤੂੰ ਆਪਣੇ ਹੱਕ ਦਾ
ਗਾਈ ਜਾ ਤਰਾਨਾ
ਤੇਰੇ ਗੁੱਟ ਤੇ ਬੱਝੂਗਾ
ਜਿੱਤ ਦਾ ਗਾਨਾ
ਮੇਰੇ ਦੇਸ਼ ਦਿਆ ਜਵਾਨਾ
ਸੁਣ ਮਿਹਨਤੀ ਕਿਸਾਨਾ
ਤੂੰ ਸੰਘਰਸ਼ ਰੱਖ ਜਾਰੀ
ਤੇਰੇ ਨਾਲ ਖ਼ਲਕਤ ਸਾਰੀ
ਤੇਰੇ ਨਾਲ ਗੀਤਕਾਰ
ਤੇਰੇ ਨਾਲ ਨੇ ਲਿਖਾਰੀ
ਤੂੰ ਹਿੰਮਤ ਨਾ ਹਾਰੀਂ ਤੂੰ ਹਿੰਮਤ ਨਾ
ਹਾਰੀਂ

**ਮਨਜੀਤ ਕੌਰ ਪੱਡਾ**
**ਲੰਡਨ, ਯੂ. ਕੇ.**
**+447886549020**






## ਨਜ਼ਮ

### ਜਸਮੇਲ ਸਿੰਘ ਲਾਲ



ਪੋਹ ਦਾ ਮਹੀਨਾ ਇਹ
ਮਹੀਨਾ ਕੁਰਬਾਨੀਆਂ ਦਾ
ਯਾਦਾਂ ਠੰਢੇ ਬੁਰਜ ਤੇ
ਦਸ਼ਮੇਸ਼ ਦੀ ਨਿਸ਼ਾਨੀਆਂ ਦਾ

ਦਿੱਲੀ ਦਿਆਂ ਦਰਾਂ ਉੱਤੇ
ਆ ਕੇ ਫਿਰ ਵੱਸੀ ਕਾਹਤੋਂ
ਅੱਜ ਨੌਵੇਂ ਪਾਤਸ਼ਾਹ ਦੀ ਝੋਕ
ਨੀ ਜਿੰਦਗਾਨੀਏ ।

ਨਫ਼ਰਤਾਂ ਦੁਰ੍ਹਾਂਡਿਆਂ ਦਾ
ਮੰਨੂ ਦਿਆਂ ਪਾਂਡਿਆ ਦਾ
ਰੱਥ  ਜਿਨ੍ਹਾਂ ਆ ਕੇ ਦਿੱਤਾ ਰੋਕ

ਨੀ ਜਿੰਦਗਾਨੀਏਂ
ਦੱਸ ਭਲਾ ਕੌਣ ਨੇ ਇਹ ਲੋਕ ?

**ਜਸਮੇਲ ਸਿੰਘ ਲਾਲ**
**ਲੰਡਨ, ਯੂ. ਕੇ.**

## ਗ਼ਜ਼ਲ

### ਅੰਜੂਜੀਤ



ਅਸੀਂ ਮੋੜਨ ਮੁੱਖ ਹਵਾਵਾਂ ਤੱਤੀਆਂ
ਦਾ ਆਏ ਹਾਂ
ਆ ਦੇਖ ਦਿੱਲੀਏ ਬਣ ਦੁੱਲੇ ਭੱਟੀ
ਆਏ ਹਾਂ

ਅਸੀਂ ਜ਼ੁਲਮ ਦਾ ਕਰਨ ਸੁਆਹਾ
ਆਏ ਹਾਂ
ਤੇਰੀ ਹਿੱਕ ਤੇ ਬਾਲਣ ਧੂਣੀ ਆਏ ਹਾਂ

ਤੂੰ ਘੁੱਟੀਆਂ ਸੰਘੀਆਂ ਦਿੱਤੀਆਂ
ਖੁਦਕੁਸ਼ੀਆਂ
ਬਦਨੀਤੀਏ ਤੇਰਾ ਬਦਲਣ ਇਤਿਹਾਸ
ਆਏਂ ਹਾਂ

ਅਸੀਂ ਪੀਤੇ ਸਬਰਾਂ ਦੇ ਪਿਆਲੇ
ਖਾਦੇ ਪੈਰਾਂ ਨੇ ਛਾਲੇ
ਜਾਲਮੋਂ ਅਸੀਂ ਹੁਣ ਇਨਸਾਫ ਕਰਨ
ਆਏ ਹਾਂ

ਅਸੀਂ ਮੋੜਨ ਮੁੱਖ ਹਵਾਵਾਂ ਤੱਤੀਆਂ
ਦਾ ਆਏ ਹਾਂ
ਆ ਦੇਖ ਦਿੱਲੀਏ ਬਣ ਦੁੱਲੇ ਭੱਟੀ
ਆਏ ਹਾਂ

**ਅੰਜੂਜੀਤ**
**ਜਰਮਨੀ**

## ਨਜ਼ਮ

### ਭਿੰਦਰ ਜਲਾਲਾਬਾਦੀ



## ਕਿਸਾਨ ਮੋਰਚਾ

ਵੋਟਾਂ ਲੈ ਕੇ ਕਰਨੇ ਧੱਕੇ
'ਮਨ ਕੀ ਬਾਤ' ਨੂੰ ਸੁਣ-ਸੁਣ ਥੱਕੇ
ਨੀ ਦਿੱਲੀਏ ਤੈਨੂੰ ਦੱਸਣ ਲੱਗੇ
ਤੇਰੇ ਲਾਉਣ ਬਰੂਹੀਂ ਡੇਰੇ ਲੱਗੇ
ਇਨਸਾਫ ਨਾ ਮਿਲਿਆ ਜਦ ਤਾਈਂ,
ਇਥੇ ਹੀ ਦੇਗਾਂ ਚੜ੍ਹਨਗੀਆਂ
ਕਿਸਾਨ ਮੋਰਚਾ ਉੱਠਿਆ ਸੀ ਇੱਕ,
ਗੱਲਾਂ ਹੋਇਆ ਕਰਨਗੀਆਂ
ਭਲ੍ਹਕ ਨੂੰ,
ਗੱਲਾਂ ਹੋਇਆ ਕਰਨਗੀਆਂ

ਆਪਣੇ ਖੇਤ ਅਸਾਂ ਹੀ ਵਾਹੁਣੇ
ਨਹੀਂ ਸਰਮਾਏਦਾਰ ਲਿਆਉਣੇ
'ਤਿੰਨ ਕਾਨੂੰਨ' ਇਹ ਕਿਉਂ ਬਣਾਏ
ਨਹੀਂ ਅਸੀਂ ਚਾਹੁੰਦੇ,
ਨਹੀਂ ਅਸਾਂ ਚਾਹੇ
ਬਹਿ ਗਏ ਜੇ ਚੁੱਪ ਕਰਕੇ ਤਾਂ ਫਿਰ
ਪੀੜ੍ਹੀਆਂ ਲੇਖੇ ਭਰਨਗੀਆਂ
ਕਿਸਾਨ ਮੋਰਚਾ ਉੱਠਿਆ ਸੀ ਇੱਕ,
ਗੱਲਾਂ ਹੋਇਆ ਕਰਨਗੀਆਂ
ਭਲ੍ਹਕ ਨੂੰ,
ਗੱਲਾਂ ਹੋਇਆ ਕਰਨਗੀਆਂ

ਡਿੱਗਦਾ ਪਾਰਾ, ਵੱਧਦੇ ਹੌਂਸਲੇ
ਜਜ਼ਬੇ ਵੇਖੇ ਸ਼ੇਰਾਂ ਦੇ
ਸਾਰੇ ਆਖਣ ਕੁਝ ਨ੍ਹੀ ਹੁੰਦਾ
ਗੁਰੂ ਦੀਆਂ ਸਭ ਮੇਹਰਾਂ ਨੇ
ਵਾਪਸ ਮੁੜੀਏ ਨਾ ਮੁੜੀਏ ਪਰ,
ਫੌਜਾਂ ਇਹ ਨਹੀਂ ਹਰਨਗੀਆਂ
ਕਿਸਾਨ ਮੋਰਚਾ ਉੱਠਿਆ ਸੀ ਇੱਕ,
ਗੱਲਾਂ ਹੋਇਆ ਕਰਨਗੀਆਂ
ਭਲ੍ਹਕ ਨੂੰ,
ਗੱਲਾਂ ਹੋਇਆ ਕਰਨਗੀਆਂ

ਕਰਦੇ ਸੀ ਪ੍ਰਚਾਰ ਜੋ ਉਲਟਾ,
ਸੋਚ ਨੂੰ ਹੁਣ ਉਹ ਨਾਪਣਗੇ
ਜਿਹੜੇ 'ਉੜਤਾ' ਆਖ ਕੇ ਭੰਡਦੇ ਸੀ,
ਹੁਣ ਜਿੱਤਦਾ, ਜਿੱਤ ਗਿਆ
ਆਖਣਗੇ
ਬੁਲੰਦ ਹੌਂਸਲੇ ਵੇਖ ਉਨ੍ਹਾਂ ਦੀਆਂ,
ਰੂਹਾਂ ਅੰਦਰੋਂ ਡਰਨਗੀਆਂ
ਕਿਸਾਨ ਮੋਰਚਾ ਉੱਠਿਆ ਸੀ ਇੱਕ,
ਗੱਲਾਂ ਹੋਇਆ ਕਰਨਗੀਆਂ
ਭਲ੍ਹਕ ਨੂੰ,
ਗੱਲਾਂ ਹੋਇਆ ਕਰਨਗੀਆਂ

ਪੁੱਛਿਆ ਸੀ ਕਿਸੇ ਬੇਬੇ ਤਾਂਈ
ਕਾਸ ਨੂੰ ਮਾਂ ਧਰਨੇ ਵਿੱਚ ਆਈ
'ਉਮਰ ਨਹੀਂ ਪੁੱਤ ਹਿੰਮਤ ਵੇਖ
ਨਹੀਂ ਅਸੀਂ ਖੁੱਸਣ ਦੇਣੇ ਖੇਤ'
ਇਨ੍ਹਾਂ ਹੌਂਸਲਿਆਂ ਦੀਆਂ ਵਾਰਾਂ
ਤੁਰਿਆ ਕਰਨਗੀਆਂ
ਕਿਸਾਨ ਮੋਰਚਾ ਉੱਠਿਆ ਸੀ ਇੱਕ,

ਗੱਲਾਂ ਹੋਇਆ ਕਰਨਗੀਆਂ
ਭਲ਼ਕ ਨੂੰ,
ਗੱਲਾਂ ਹੋਇਆ ਕਰਨਗੀਆਂ

ਇਤਿਹਾਸ ਕਹਿੰਦੇ ਆਪਾ ਦੁਹਰਾਉਂਦਾ
ਪੋਹ ਮਹੀਨੇ ਚੇਤਾ ਆਉਂਦਾ
ਨਿੱਕੀਆਂ ਜਿੰਦਾਂ ਦਾ ਸੀ ਕਹਿਣਾ
ਹੱਠ ਨਹੀਂ ਛੱਡਣਾ, ਡਟ ਕੇ ਰਹਿਣਾ
ਮਾਂ ਗੁਜਰੀ ਤੋਂ ਬਲ ਲੈ ਕੇ ਹੁਣ,
ਸੰਗਤਾਂ ਫਿਰ ਤੋਂ ਜੁੜਨਗੀਆਂ
ਕਿਸਾਨ ਮੋਰਚਾ ਉੱਠਿਆ ਸੀ ਇੱਕ,
ਗੱਲਾਂ ਹੋਇਆ ਕਰਨਗੀਆਂ
ਭਲ਼ਕ ਨੂੰ,
ਗੱਲਾਂ ਹੋਇਆ ਕਰਨਗੀਆਂ




ਵੰਡ ਛਕਣ ਦੀ ਪਿਰਤ ਵੇਖ ਕੇ
ਸਿਰ ਝੁਕਦਾ ਏ 'ਭਿੰਦਰ' ਦਾ
ਮਾਨਵਤਾ ਇਥੇ ਡੁੱਲ੍ਹਡੁੱਲ੍ਹ ਪੈਂਦੀ
ਵੇਖ ਕੇ ਜਲਵਾ ਲੰਗਰ ਦਾ
ਜਿੱਤ ਜ਼ਰੂਰੀ ਕਿਰਤੀ ਜਾਣਾ, '
ਜਲਾਲਾਬਾਦ' ਵੀ ਖੁਸ਼ੀਆਂ
ਚੜ੍ਹਨਗੀਆਂ
ਕਿਸਾਨ ਮੋਰਚਾ ਉੱਠਿਆ ਸੀ ਇੱਕ,
ਗੱਲਾਂ ਹੋਇਆ ਕਰਨਗੀਆਂ
ਭਲ਼ਕ ਨੂੰ,
ਗੱਲਾਂ ਹੋਇਆ ਕਰਨਗੀਆਂ
ਫਿਰ, ਗੱਲਾਂ ਹੋਇਆ ਕਰਨਗੀਆਂ ।





**ਭਿੰਦਰ ਜਲਾਲਾਬਾਦੀ**
**ਯੂ. ਕੇ.**
**+447754717403**

## .ਗਜ਼ਲ

## ਗੁਰਸ਼ਰਨ ਸਿੰਘ ਅਜੀਬ



ਕਾਫ਼ਲਾ ਰੁਕਣਾ ਨਹੀਂ ਫ਼ਰਮਾਨ
ਮੇਰੇ ਦੇਸ਼ ਦਾ।
ਜਾਗਰਤ ਹੁਣ ਹੋ ਗਿਆ ਕਿਰਸਾਨ
ਮੇਰੇ ਦੇਸ਼ ਦਾ।

ਆਪਣੇ ਹੀ ਬੰਦਿਆਂ 'ਤੇ ਚਾੜ੍ਹ ਭਾਵੇਂ
ਫ਼ੌਜ ਹੁਣ,
ਹਾਕਮਾ ਰੁਕਣਾ ਨਾ ਜਨ-ਤੂਫ਼ਾਨ ਮੇਰੇ
ਦੇਸ਼ ਦਾ।

ਕਿਰਸਾਨ ਤੇ ਮਜ਼ਦੂਰ ਹੋਏ
ਜਦ ਤੋਂ ਇੱਕ-ਮਿੱਕ ਸਭ,
ਤਦ ਤੋਂ ਹੀ ਬੇਜ਼ਾਰ ਹੈ
ਧਨਵਾਨ ਮੇਰੇ ਦੇਸ਼ ਦਾ।

ਕਰ ਨਾ ਸਕਿਆ ਲੋਕਤਾ ਦਾ ਹੀ
ਭਲਾ ਹਾਕਮ ਜਦੋਂ,
ਫਿਰ ਇਕੱਤਰ ਹੋ ਗਿਆ
ਇਨਸਾਨ ਮੇਰੇ ਦੇਸ਼ ਦਾ।

ਅੰਬਾਨੀਆਂ ਅੱਡਾਨੀਆਂ ਦੇ
ਦੌਰ ਦਾ ਕਰ ਅੰਤ ਹੁਣ ,
ਲੁੱਟਿਆ ਨਿੱਤ ਜਾ ਰਿਹਾ
ਕਿਰਸਾਨ ਮੇਰੇ ਦੇਸ਼ ਦਾ॥

ਫ਼ੌਜ ਵਿਚ ਯੋਧੇ ਅਸਾਡੇ
ਪੈਲੀਆਂ ਦੇ ਵਿਚ ਕਿਸਾਨ,
ਯੋਧਾ ਹਰ ਕਿਰਸਾਨ ਵੀ
ਬਲਵਾਨ ਮੇਰੇ ਦੇਸ਼ ਦਾ।

ਮੋਰਚਾ ਕਿਰਸਾਨ ਦਾ,
ਹੋਇਆ ਫ਼ਤਹਿ, ਜਦ ਦੋਸਤੋ,
ਹੋਵਸੀ ਖ਼ੁਸ਼ਹਾਲ ਫਿਰ
ਕਿਰਸਾਨ ਮੇਰੇ ਦੇਸ਼ ਦਾ।

ਹੋਂਵਦਾ ਜਦ ਤੱਕ ਨਾ
ਕਿਰਸਾਨ ਦਾ ਮਸਲਾ ਇਹ ਹੱਲ,
ਸੌਂ ਸਕੂ ਨਾ ਚੈਨ ਸੰਗ
ਸੁਲਤਾਨ ਮੇਰੇ ਦੇਸ਼ ਦਾ।

ਜਾਗਿਆ ਕਿਰਸਾਨ ਅੱਜ ਜੋ ਕੱਲ੍ਹ ਨੂੰ
ਨੇਤਾ ਬਣੂੰ,
ਜਦ ਵੀ ਹੋਇਆ ਕੱਲ੍ਹ ਕਿਤੇ
ਮਤਦਾਨ ਮੇਰੇ ਦੇਸ਼ ਦਾ।

ਅੰਨਦਾਤਾ ਹੀ ਕਹੇ ਕਿਰਸਾਨ ਨੂੰ
ਚਿਰ ਤੋਂ ਅਜੀਬ,
ਕਰ ਰਿਹਾ ਜੁੱਗਾਂ ਤੋਂ
ਜੋ ਕਲਿਆਨ ਮੇਰੇ ਦੇਸ਼ ਦਾ

ਸਾਂਭ ਕੇ ਰੱਖ ਹਾਕਮਾਂ ਕਿਰਸਾਨ
ਹੀਰਾ ਕੀਮਤੀ,
ਨਗ ਬੜਾ 'ਗੁਰਸ਼ਰਨ' ਇਹ ਮੁਲਵਾਨ
ਮੇਰੇ ਦੇਸ਼ ਦਾ॥

**ਗੁਰਸ਼ਰਨ ਸਿੰਘ ਅਜੀਬ**
**ਲੰਡਨ, ਯੂ. ਕੇ.**
**+447932752850**

## ਨਜ਼ਮ
### ਇੰਦਰਜੀਤ ਗੁਗਨਾਨੀ



### ਸ਼ਾਹਾਂ ਦੀ ਤੂੰ ਅੜੀਏ

ਸ਼ਾਹਾਂ ਦੀ ਤੂੰ ਅੜੀਏ,
ਤੇ ਬੇ ਇਖ਼ਲਾਕੀਂ ਏਂ।
ਦਿੱਲੀਏ ਤੂੰ ਹਾਰ ਗਈ,
ਬਸ ਮੰਨਣਾ ਬਾਕੀ ਏ
ਇਕ ਜ਼ਿੰਦਾ ਲਾਸ਼ ਜਹੀ,
ਸ਼ੀਸ਼ੇ ਟੰਗਣਾ ਬਾਕੀ ਏ
ਦਿੱਲੀਏ ਤੂੰ ਹਾਰ ਗਈ,
ਬਸ ਮੰਨਣਾ ਬਾਕੀ ਏ

ਮਿੱਟੀ ਦੇ ਪੁੱਤਰਾਂ ਨੂੰ,
ਮਿੱਟੀ ਵਿਚ ਰੋਲ ਰਹੀ
ਅਸੀਂ ਸਭ ਜਾਣਦੇ ਹਾਂ,
ਤੂੰ ਅੰਦਰੋਂ ਡੋਲ ਰਹੀ।
ਇਨ੍ਹਾਂ ਖਾਲੀ ਮੁੜਣਾ ਨਹੀਂ,
ਕੀ ਦੱਸਣਾ ਬਾਕੀ ਏ?
ਦਿੱਲੀਏ ਤੂੰ ਹਾਰ ਗਈ, ਬਸ ਮੰਨਣਾ
ਬਾਕੀ ਏ।

ਲਾਰੇ ਪਈ ਲਾਉਂਦੀ ਏ,
ਏਨ੍ਹਾਂ ਨੂੰ ਤੋਲ ਰਹੀ।
ਮੂੰਹ ਘੁੱਟ ਕੇ ਬੈਠੀਂ ਏ,
ਦਿੱਲੀਏ ਨਾ ਬੋਲ ਰਹੀ।
ਹਿੱਕ ਪੈਰਾਂ ਹੇਠਾਂ ਏ,
ਬਸ ਦੱਬਣਾ ਬਾਕੀ ਏ
ਦਿੱਲੀਏ ਤੂੰ ਹਾਰ ਗਈ,
ਬਸ ਮੰਨਣਾ ਬਾਕੀ ਏ

ਇਲਜ਼ਾਮ ਵੀ ਦੇਂਦੀ ਏ
ਕਈ ਨਾਮ ਵੀ ਰੱਖਦੀ ਏ।
ਕਦੇ ਸਾਨੂੰ ਦੱਸ ਦਿੱਲੀਏ,
ਕਿੱਦਾਂ ਏ ਘੜਦੀ ਏ
ਹੁਣ ਲੋਕੀਂ ਜਾਗ ਪਏ,
ਤੇ ਹੱਕ ਮੰਗਣਾ ਬਾਕੀ ਏ
ਦਿੱਲੀਏ ਤੂੰ ਹਾਰ ਗਈ,
ਬਸ ਮੰਨਣਾ ਬਾਕੀ ਏ

ਇੰਦਰਜੀਤ ਗੁਗਨਾਨੀ
ਲੀਸੈਸਟਰ, ਯੂ. ਕੇ.



## ਨਜ਼ਮ / ਬੋਲੀਆਂ

## ਕੁਲਦੀਪ ਕਿੱਟੀ ਬੱਲ



ਜਿੱਤਣੀ ਜੇ ਜੰਗ ਵੀਰਨੋ,
ਰੱਖਣਾ ਖਿਆਲ ਵਈ ਵਈ,
ਸ਼ਾਂਤ ਹੀ ਰਹਿਣਾ ਮੂੰਹੋਂ,
ਕੱਢਣੀ ਨਾ ਗਾਲ੍ਹ ਵਈ ਵਈ।
ਜਿੱਤਣੀ ਜੇ ਜੰਗ ਵੀਰਨੋ।

ਪੱਠੇ ਵੀ ਵੱਢ ਲਿਆਊਂ,
ਰੇੜੇ ਤੇ ਲੱਦ ਲਿਆਊਂ
ਟੋਕੇ ਤੇ ਚੀਰ ਕੁਤਰ ਕੇ,
ਪਸ਼ੂਆਂ ਦੇ ਅੱਗੇ ਪਾਊਂ
ਕੱਟੇ ਤੇ ਵੱਛੇ ਦੀ ਕਰ ਲਊਂ ਸੰਭਾਲ਼
ਵਈ ਵਈ
ਜਿੱਤਣੀ ਜੇ ਜੰਗ ਵੀਰਨੋ ।

ਕਣਕ ਨੂੰ ਪਾਣੀ ਲਾਊਂ,
ਨੱਕੇ ਵੀ ਮੋੜ ਦਿਖਾਊਂ
ਵੱਤਰ ਨਹੀਂ ਜਾਣ ਦੇਂਦੀ,
ਮੋਟਰ ਮੈਂ ਜਾ ਚਲਾਊਂ
ਖੋਦਣਾ ਜੇ ਪੈ ਗਿਆ ਖੋਦ ਲਊਂ ਆੜ
ਵਈ ਵਈ
ਜਿੱਤਣੀ ਜੇ ਜੰਗ ਵੀਰਨੋ ।

ਹੱਕ ਦੇ ਨਾਹਰੇ ਲਈ,
ਇਕਮੁਠ ਹੋ ਕੇ ਰਹਿਣਾ
ਚਾਲ ਨਾ ਚੱਲ ਜੇ ਕੋਈ,
ਜ਼ਰਾ ਚੁਕੰਨੇ ਰਹਿਣਾ

ਮੌਕਾ ਨਾ ਦੇਣਾ,
ਨਾ ਕਰਨਾ ਫ਼ਸਾਦ ਵਈ ਵਈ
ਜਿੱਤਣੀ ਜੇ ਜੰਗ ਵੀਰਨੋ ।

ਕਿਸਾਨ ਦੀ ਜਿੱਤ ਹੋਵੇ,
ਨਿਰਾਸ਼ ਨਾ ਚਿੱਤ ਹੋਵੇ
ਹੱਕਾਂ ਲਈ ਲੜਦੇ ਵੀਰੋ,
ਮੋਰਚਾ ਬੁਲੰਦ ਹੋਵੇ
ਹਰ ਵੇਲੇ ਹੱਥ ਜੋੜ ਕਰਾਂ ਅਰਦਾਸ
ਵਈ ਵਈ
ਜਿੱਤਣੀ ਜੇ ਜੰਗ ਵੀਰਨੋ ।

### ਬੋਲੀਆਂ

ਕਿਰਤੀ ਦੀ ਤੂੰ ਗੱਲ ਸੁਣੇ ਨਾ
ਜਬਰੀ ਫੜਾਏ ਬਿੱਲ ਵੇ
ਰਹਿ ਭਾਉਂਦਾ ਅੰਬਰੀ
ਸਟੇਜ ਗਈ ਤੇਰੀ ਹਿੱਲ ਵੇ।
ਰਹਿ ਭਾਉਂਦਾ......

ਬਾਰੀ ਬਰਸੀ ਖੱਟਣ ਗਿਆ ਸੀ
ਖੱਟ ਕੇ ਲਿਆਂਦੇ ਕਿੱਲ ਵੇ
ਹੁਣ ਤੂੰ ਨਹੀਂ ਜਾਣਦਾ
ਤਖ਼ਤ ਜਾਣਗੇ ਹਿੱਲ ਵੇ
ਹੁਣ ਤੂੰ ਨਹੀਂ ਜਾਣਦਾ।

ਬਾਰੀ ਬਰਸੀ ਖੱਟਣ ਗਿਆ ਸੀ
ਖੱਟਣ ਗਿਆ ਪਿਆ ਲੜ ਵੇ
ਜੇ ਭਲੀ ਤੂੰ ਚਾਹੁੰਨਾ
ਬਿੱਲਾਂ ਨੂੰ ਵਾਪਿਸ ਕਰ ਵੇ
ਜੇ ਭਲੀ ਤੂੰ ਚਾਹੁੰਨਾ।

**ਕੁਲਦੀਪ ਕਿੱਟੀ ਬੱਲ**
**ਲੰਡਨ, ਯੂ. ਕੇ.**
**+447828647175**

## ਨਜ਼ਮ

### ਦਲਵੀਰ ਕੌਰ



## ਪਾਣੀਪਤ ਬੈਰੀਕੇਡ

ਮਰਾਠੇ ਤੇ ਅਫ਼ਗਾਨ
ਹੋਏ ਸਨ, ਆਹਮੋ ਸਾਹਮਣੇ
ਦੁਹਰਾ ਰਿਹਾ ਆਪਾ ਇਤਹਾਸ
ਜਾਂ ਜਾਗ੍ਰੋਮੀਟੀ ਦਾ
ਚਾਣਕਯ ਚਿਹਰਾ
ਪਾਣੀਪੱਤ ਦੀ ਹੱਦ ਜਾਂ ਦਿਸਹੱਦਾ
ਸੋਚ ਰਿਹਾ ਹੈ ਕੱਲ੍ਹ ਦਾ ਸੂਰਜ,
ਮੈਂ ਜਾਗ ਰਹੀ ਹਾਂ
ਬੋਲ ਕੇ ਦੱਸ ਰਿਹਾ ਹੈ ਉਹ ਬਜ਼ੁਰਗ
ਪੈਰੀਂ ਭੋਇੰ ਧਰਤ ਦੀ ਗਾਥਾ
ਤੇ ਚੁੱਲ੍ਹਿਆਂ ਦੀ ਅੱਗ
ਠਰ ਜਾਣ ਦਾ ਡਰ।
ਅੰਮ੍ਰਿਤ ਵੇਲੇ ਬੋਲਦੇ ਬੰਬੀਹੇ ਨੂੰ
ਸੁਣਨ ਤੇ ਗੌਣ ਵਾਲਾ ਕਿਰਤੀ
ਤੋੜ ਰਿਹਾ ਹੈ ਅੰਮ੍ਰਿਤ ਵੇਲੇ
ਕੰਡਿਆਲੀ ਤਾਰ
ਬੋਲ ਗੁਰੂ ਗੋਬਿੰਦ ਸਿੰਘ ਦਾ ਬੋਲਾ
ਜੈਕਾਰਾ।
ਬਾਰ-ਬਾਰ ਸੁੱਖ ਸਾਂਦ ਮੰਗ ਰਹੀ ਹਾਂ
ਖ਼ੂਨ ਵਿੱਚ ਤਰਦੀ
ਲਾਲਗੀ ਦੀ ਸਾਂਝ ਦੀ
'ਮਾਨਸ ਕੀ ਜਾਤ ਸਭ ਏਕੋ
ਪਹਿਚਾਨਬੋ'
ਪਰ ਮਨ ਵਿੱਚ ਸਵਾਲ ਉੱਠ ਰਿਹਾ
ਹੈ ਕਿ
" ਲਾਲ ਕਿਲੇ ਪਰ ਝੰਡਾ ਲਹਿਰਾਨੇ ਕੇ
ਲੀਏ ਤੋ
ਵੋ ਚਾਂਦਨੀ ਚੌਂਕ ਕੇ ਸਾਹਮਨੇ ਸੇ ਹੀ
ਗੁਜ਼ਰਤੇ ਹੋਂਗੇ

## ਨਜ਼ਮ

ਕਿਸਾਨ ਪ੍ਰਭਾਸ਼ਿਤ ਹੁੰਦਾ ਰਿਹਾ ਹੈ
ਦੁੱਖ ਨਾਲ
ਚੁੱਪ ਨਾਲ
ਪੇਟ ਦੀ ਭੁੱਖ ਨਾਲ
ਹੁਣ, ਕਿਸਾਨ ਹੋ ਰਿਹੈ ਪ੍ਰਭਾਸ਼ਿਤ
ਆਪਣੀ ਹੋਂਦ ਨਾਲ
ਅਕੀਦਿਆਂ ਨੂੰ ਹੋ ਨਤਮਸਤਕ
ਅਇਆ ਹੈ ਜਾਬਰ ਦੀ
ਦਹਿਲੀਜ਼ 'ਤੇ
ਕਰਨ ਲਈ ਸਾਫ਼
ਮਕਤੱਲ ਦਾ ਸ਼ੀਸ਼ਾ
ਕਿ ਪੰਜਾਬ ਦੀ ਮਿੱਟੀ ਦਾ ਰੰਗ
ਢੰਘ ਤੇ ਵਾਰ
ਚਾਂਦਨੀ ਚੌਂਕ ਤੋਂ ਸਾਫ਼ ਨਜ਼ਰ ਆ
ਸਕੇ

ਦਲਵੀਰ ਕੌਰ
ਲੰਡਨ, ਯੂ. ਕੇ.

## ਨਜ਼ਮ

## ਸਿੱਕੀ ਝੱਜੀ ਪਿੰਡ ਵਾਲਾ



### ਸ਼ੇਰ ਪੰਜਾਬੀ

ਦਿੱਤੇ ਸਭ ਤੋੜ ਬੈਰੀਅਰ,
ਲੱਗੇ ਸੀ ਜੋ ਸੱਜੇ ਖੱਬੇ,
ਦਿੱਲੀਏ ਸ਼ੇਰ ਪੰਜਾਬੀ,
ਸਿੱਧੇ ਤੇਰੀ ਹਿੱਕ ’ਤੇ ਵੱਜੇ,

ਹਰਿਆਣਾ ਵੀ ਵੀਰ ਬਣ,
ਹੈ ਨਾਲ ਖੜ ਗਿਆ,
ਸੂਬਾ ਪੰਜਾਬ ਵੀ,
ਆਪਣੀ ਜ਼ਿੱਦ ਤੇ ਅੜ ਗਿਆ,

ਹੱਕ ਲਏ ਬਿਨਾਂ ਨਹੀਂ ਮੁੜਦੇ,
ਵਾਪਿਸ ਘਰਾਂ ਨੂੰ,
ਸੁਣ ਕੇ ਗੂੰਜ ਜੈਕਾਰਿਆਂ ਦੀ,
ਦੱਸ ਕਿੱਧਰ ਨੂੰ ਭੱਜੇ,

ਬਾਬੇ ਨਾਨਕ ਦੇ ਵੀਹਾਂ ਨੇ,
ਵੇਖ ਲੈ ਭੁੱਖੇ ਲੋਕ ਰਜਾਤੇ,
ਕੇਸਰ ਵਾਲੇ ਦੁੱਧ ਨਾਲ,
ਪਿੰਨੀਆਂ ਬਦਾਮਾਂ ਦੇ ਲੰਗਰ ਲਾਤੇ,

ਐਨ ਆਰ ਆਈਆਂ ਵੀ ਪੂਰਾ ਏ
ਸਾਥ ਨਿਭਾਇਆ,
ਇਤਿਹਾਸ ਦੁਹਰਾ ਕੇ,
ਦਿੱਲੀਏ ਤੇਰਾ ਤਖਤ ਹਿਲਾਇਆ,

‘ਝੱਜੀ ਪਿੰਡ’ ਵਾਲਾ ਸੱਚ ਲਿਖਦਾ,
ਨਰਮ ਸੁਭਾਅ ਦੇ ਅੜਬ ਬੜੇ ਨੇ,
ਜ਼ਿੱਦ ਤੇ ਅੜ ਜਾਣ ਜਦ ਪੰਜਾਬੀ,
ਫਿਰ ਗੁੱਸੇ ਵਿੱਚ ਹੋ ਜਾਣ ਕੱਬੇ,

ਲੈ ਦਿੱਲੀਏ ਸ਼ੇਰ ਪੰਜਾਬੀ, ਸਿੱਧੇ
ਆਣ ਤੇਰੀ ਹਿੱਕ ’ਤੇ ਵੱਜੇ,

**ਸਿੱਕੀ ਝੱਜੀ ਪਿੰਡ ਵਾਲਾ**
**ਰੇਜਿਓ ਨੇਲ ਏਮਿਲਿਆ,ਇਟਲੀ**
**+39 328 138 1513**



## ਗ਼ਜ਼ਲ

## ਅਮਨਦੀਪ ਸਿੰਘ ਅਮਨ



ਇੱਕ ਚਿੜੀ ਨੇ  ਬਾਜ਼ ਦੀ ਨੀਅਤ ਨੂੰ
ਪਹਿਚਾਣ ਲਿਆ ।
ਅਪਣੀ ਹੋਂਦ ਬਚਾਉਣ ਦੀ ਖਾਤਿਰ
ਲੜਨਾ ਠਾਣ ਲਿਆ ।

ਮਿੱਟੀ ਦੇ ਜਾਇਆਂ ਦਾ
ਰਹਿਣਾ ਸਹਿਣਾ ਦੇਖ ਜ਼ਰਾ,
ਧਰਤੀ ਹੇਠ ਵਿਛਾ ਕੇ,
ਉੱਪਰ ਅੰਬਰ ਤਾਣ ਲਿਆ ।

ਮਕਤਲ ਦੇ ਵਿਚ ਝੂਠੇ ਪੈ ਗਏ ਹੱਥ
ਜੱਲਾਦਾਂ ਦੇ,
ਬਾਗੀ ਨੇ ਜਦ ਖ਼ੰਜਰ ਸਾਹਵੇ
ਸੀਨਾ ਤਾਣ ਲਿਆ ।

ਮੈਂ ਕਿੱਦਾਂ ਇਤਬਾਰ ਕਰਾਂਗਾ
ਐਸੇ ਆਗੂ ਦਾ
ਜਿਸ ਨੇ ਲੋਕਾਂ ਦੇ  ਪਾਣੀ ਚੋਂ
ਪਾਣੀ ਛਾਣ ਲਿਆ ।

ਤੂੰ ਜੇਕਰ ਪਿਛਲੱਗ ਬਣ ਕੇ ਜੀਣਾ ਹੈ
ਤਾਂ  ਬਣਿਆ ਰਹਿ,
ਮੈਂ ਕਾਣੇ ਕਿਰਦਾਰਾਂ ਦਾ
ਸਾਰਾ  ਸੱਚ ਜਾਣ ਲਿਆ ।

ਜੀਵਨ ਭਰ ਦੇ ਸੁੱਖਾਂ ਨਾਲੋਂ
ਵੱਧ ਕੇ ਨਿੱਘਾ ਹੈ,
ਜਿਹੜਾ ਤੇਰੀ ਸੰਗਤ ਵਾਲਾ
ਇਕ ਪਲ ਮਾਣ ਲਿਆ ।

ਤੇਰੇ ਦੱਸੇ ਮਾਰਗ ਉੱਤੇ
ਤੁਰਨੋਂ ਡਰਿਆ ਨਹੀਂ,
ਜਿਸ ਨੇ ਵੀ ਰੂਹ  ਨਾਲ, ਤੇਰਾ ਸੁਣ
ਵਿਖਿਆਣ ਲਿਆ ।

ਮੈਨੂੰ ਦਰ ਦਰ ਭਟਕਣ ਦੀ,
ਲੋੜ ਰਹੀ ਨਾ ਕੋਈ,
ਜਿਸ ਦਿਨ ਤੇਰੀ ਨਜ਼ਰ ਨੇ,  ਮੈਨੂੰ
ਕਰ ਪਰਵਾਣ ਲਿਆ ।

**ਅਮਨਦੀਪ ਸਿੰਘ ਅਮਨ**
**ਗਲਾਸਗੋ, ਯੂ. ਕੇ.**

## .ਗ਼ਜ਼ਲ

## ਭੁਪਿੰਦਰ ਸੱਗੂ



## ਆਓ ਤੁਰੀਏ ਜ਼ਰਾ

ਹਮਸਫ਼ਰ ਦੋਸਤੋ ! ਆਓ ਤੁਰੀਏ
ਜ਼ਰਾ
ਜੇ ਖੜੇ ਹੋ ਗਏ ਲੋਕ ਕੀ ਕਹਿਣਗੇ ,
ਜੇ ਇਹ ਰਾਹਾਂ 'ਚ ਉਲਝ ਗਏ
ਕਾਫ਼ਿਲੇ
ਉਮਰ ਭਰ ਭਟਕਦੇ ਭਟਕਦੇ ਹੀ
ਰਹਿਣਗੇ ।

ਦਹਿਸ਼ਤਾਂ ਦੀ ਅਗਨ ਹਰ ਨਗਰ
ਮੱਚਦੀ
ਅੱਜ ਦਾਗ਼ੀ ਗਈ ਹੈ ਜੀਭ ਸੱਚਦੀ,
ਵਕਤ ਦੇ ਵਾਰਿਸੋ * ਕੋਈ ਹੀਲਾ ਕਰੋ
ਅੱਗ ਦੇ ਸੇਕ ਨੂੰ ਫੁੱਲ ਕਿੱਦਾਂ
ਸਹਿਣਗੇ ।

ਧਾੜਵੀ ਰੋਹ ਦੇ ਤੂਫਾਂ 'ਚ ਉੜ
ਜਾਣਗੇ
ਪੱਥਰਾਂ ਵਾਂਗ ਡੁੱਬਣਗੇ , ਰੁੜ੍ਹ
ਜਾਣਗੇ,
ਜ਼ੁਲਮ ਜੋ ਕਰਨ ਕਿਰਸਾਨ ਮਜ਼ਦੂਰ
'ਤੇ
ਤਾਜ ਉਨ੍ਹਾਂ ਦੇ ਇਕ ਦਿਨ ਅਵੱਸ਼
ਲਹਿਣਗੇ ।

ਹਾਕਮਾਂ ਦਾ ਹੁਕਮ ਮਰ ਮੁੱਕ ਜਾਏਗਾ
ਕਾਫ਼ਰਾਂ ਦਾ ਕੁਹਾੜਾ ਵੀ ਰੁਕ
ਜਾਏਗਾ,
ਉੱਸਰੇ ਨੇ ਜੋ ਮਾਸੂਮ ਦੀ ਕਬਰ 'ਤੇ
ਰੇਤ ਦੇ ਸਭ ਮਹਿਲ ਅੰਤ ਨੂੰ
ਢਹਿਣਗੇ।

ਕਾਫ਼ਿਲੇ ਜੋ ਵਫ਼ਾ ਦੀ ਨਜ਼ਰ ਹੋ ਗਏ
ਫ਼ਰਜ਼ ਲਈ ਮਰਨ ਵਾਲੇ ਅਮਰ ਹੋ
ਗਏ ,
ਜਾਨਬਾਜ਼ੀ ਜਿਨ੍ਹਾਂ ਵਸਤੇ ਖੇਡ ਹੈ
ਹੱਕ ਦੀ ਬਾਤ ਉਹ ਸੂਲੀ 'ਤੇ ਵੀ
ਕਹਿਣਗੇ ।

ਭੁਪਿੰਦਰ ਸੱਗੂ
ਵਾਲਵਰਹੈਮਪਟਨ, ਯੂ. ਕੇ.
+447501038048



## ਨਜ਼ਮ

## ਕੁਲਦੀਪ ਚਿਰਾਗ਼



## ਮੈਂ ਕਿਸਾਨ ਨਹੀਂ, ਮਜ਼ਦੂਰ ਹਾਂ

ਮੈਂ ਕਿਸਾਨ ਮਿੱਠੂ ਸਿੰਘ
ਚਾਰ ਦਹਾਕਿਆਂ ਤੋਂ
ਕਿਸਾਨੀ ਹੱਕਾਂ ਲਈ
ਧਰਨੇ ਲਾਉਨਾਂ
ਮੁਜ਼ਾਹਰੇ ਕਰਦਾ
ਸੱਤਾਧਾਰੀ ਧਿਰ ਖ਼ਿਲਾਫ਼ ਗਰਜਦਾਂ

ਬਹੁਤ ਜ਼ਬਤ ਹੈ ਮੇਰੇ ਕੋਲ
ਆਪਣੀ ਹੀ ਜ਼ਮੀਨ ਨੂੰ
ਠੇਕੇ ਤੇ ਲੈ ਕੇ
ਵਾਹੁਣ ਦਾ, ਬੀਜਣ ਦਾ, ਵੱਢਣ ਦਾ,
ਵੇਚਣ ਦਾ
ਆੜ੍ਹਤੀਏ ਦੀਆਂ ਅੱਖਾਂ ‘ਚ ਦੇਖ
ਭਰਮ ਪਾਲਦਾਂ
ਜ਼ਮੀਨ ਦੇ ਮਾਲਕ ਹੋਣ ਦਾ

ਕੱਲ ਆਥਣੇ ‘ਰਾਮਾ’ ਮਿਲਿਆਂ
ਦੋ ਦਹਾਕੇ ਪਹਿਲਾ
ਜੋ ਮੇਰਾ ਸੀਰੀ ਸੀ
ਮੱਲੋ ਮੱਲੀ ਘਰ ਲੈ ਗਿਆ
ਹੈਰਾਨ ਹੋਇਆ
ਹੈਂਅ।। ਇਸਨੇ ਵੀ ਪੱਕਾ ਮਕਾਨ
ਬਣਾ ਲਿਆ
ਗੇਟ ਅੱਗੇ ਰਾਮ ਸਿੰਘ ਲਿਖਾ ਲਿਆ

ਪਰਤ ਆਇਆ ਆਪਣੇ ਘਰ
ਬਾਪੂ ਦੀ ਬਣਾਈ ਸਬਾਤ ਦੀ
ਜਰਜਰੀ ਕੰਧ ਥੱਲੇ ਪਿਆਂ
ਸੋਚਦਾ ਹਾਂ
ਮੈਂ ਵੀ ਮਜ਼ਦੂਰ ਹੀ ਹਾਂ

ਸੁਵਖਤੇ ਉਠਦਾਂ
ਜੰਗਾਲ਼ ਨਾਲ ਖਾਧੇ ਸਾਈਕਲ ਨੂੰ
ਮਿੱਟੀ ਦੇ ਤੇਲ ਨਾਲ ਸਾਫ਼ ਕਰਦਾਂ
ਘੰਟੀ ਵਜਾਉਨਾਂ
ਖੱਦਰ ਦੇ ਪੌਣੇ ਨਾਲ ਰੋਟੀ ਬੰਨ
ਰਲ ਜਾਂਦਾ ਹਾਂ
ਰਾਮ ਸਿੰਘ ਦੇ ਸਾਈਕਲ ਦੇ ਨਾਲ
ਜਾ ਰਿਹਾ ਹਾਂ ਮੈਂ ਵੀ ਮੰਡੀ
ਸਨਅਤੀ ਮਜ਼ਦੂਰ ਬਣ ਕੇ
ਇਹ ਹੀ ਹੈ ਮੇਰਾ ਅਸਲੀ ਚਿਹਰਾ।।
ਹੁਣ ਮੈਂ ਕਿਸਾਨਾਂ ਨੂੰ ਨਹੀਂ
ਮਜ਼ਦੂਰਾਂ ਨੂੰ ਲਾਮਬੰਦ ਕਰਾਂਗਾ
ਤੇ ਮਸ਼ਾਲ ਹੱਥਾਂ ‘ਚ ਨਹੀਂ
ਹਰ ਮਜ਼ਦੂਰ ਦੀ ਅੱਖ ‘ਚ
ਜਲ਼ਾਵਾਂਗਾ ।

**ਕੁਲਦੀਪ ਚਿਰਾਗ਼**
**ਮਲੇਸ਼ੀਆ**
**60177723479**
**kuldeepchirag@gmail.com**

## ਨਜ਼ਮ

ਨਿਰਵੈਲ ਸਿੰਘ ਢਿੱਲੋਂ



ਮੈਂ ਪੁੱਤ ਹਾਂ ਕਿਰਤੀ ਕਿਸਾਨ ਦਾ,
ਖੇਤਾਂ ਉੱਤੇ ਰਿਹਾ ਸਦਾ
ਮੌਜਾਂ ਮਾਣਦਾ,
ਖੇਤ ਹੈ ਸਾਡੀ ਜਿੰਦ ਜਾਨ
ਬੱਲਿਆ,
ਕੀ ਸੋਚ ਕੇ ਤੂੰ ਹੱਥ ਪਾਉਣ
ਚੱਲਿਆਂ,
ਜਿਹੜੇ ਵੱਟ ਪਿੱਛੇ ਬੰਦਾ ਮਾਰ
ਦਿੰਦੇ,
ਦੱਸ ਤੇਰਾ ਕੀ ਬਣਾਉਣਗੇ,
ਮੌਕਾ ਸਾਭ ਲੈ ਤੂੰ ਸਰਕਾਰੇ,ਨਹੀ ਤਾਂ
ਹੱਥ ਤੇਰੇ ਗਲੇ ਨੂੰ ਪਾਉਣਗੇ।

ਧੀਆਂ-ਪੁੱਤਾਂ ਦਾ ਜਦੋਂ ਵਿਆਹ ਨੇ
ਧਰਦੇ, ਏਨਾ ਖੇਤਾਂ ਉੱਤੇ ਮਾਣ ਨੇ
ਕਰਦੇ,
ਇੰਨਾ ਬਿਨਾ ਦੱਸ ਅਸੀਂ ਕਿੱਦਾਂ
ਜੀਣਾ, ਰੋਟੀ ਖਾਣੀ ਨਹੀਂਓ ਅਸੀਂ
ਜ਼ਹਿਰ ਪੀਣਾ,
ਗੱਲ ਹੋਂਦ ਤੇ ਅਣਖ ਦੀ ਆ
ਗਈ,
ਇਹ ਰਾਤਾਂ ਨੂੰ ਕਿਵੇਂ ਸੌਣਗੇ,
ਮੌਕਾ ਸਾਂਭ ਲੈ ਤੂੰ ਸਰਕਾਰੇ, ਨਹੀਂ
ਤਾਂ ਹੱਥ ਤੇਰੇ ਗਲੇ ਨੂੰ ਪਾਉਣਗੇ।

ਬਿੱਲੀ ਭੁਲੇਖੇ ਤੂੰ ਸ਼ੇਰ ਜਗਾ ਲਿਆ,
ਆਪੇ ਆਪਣੇ ਗਲ਼ ਫੰਦਾ ਪਾ
ਲਿਆ,
ਸੱਪਾਂ ਦੀਆਂ ਸਿਰੀਆਂ ਤੋਂ ਜੋ ਨਾ
ਡਰਿਆ, ਠੰਡੇ ਪਾਣੀ ਨਾਲ ਜੋ ਨਾ
ਠਰਿਆ,
ਬੱਦਲਾਂ ਤੋਂ ਉੱਚੇ ਉੱਡਦੇ ਜੋ ਬਾਜ,
ਦੱਸ ਕਿੱਥੋਂ ਤੇਰੇ ਕਾਬੂ ਆਉਣਗੇ,
ਮੌਕਾ ਸਾਂਭ ਲੈ ਤੂੰ ਸਰਕਾਰੇ, ਨਹੀ
ਤਾਂ ਹੱਥ ਤੇਰੇ ਗਲੇ ਨੂੰ ਪਾਉਣਗੇ।

ਧੰਨਵਾਦ ਤੇਰਾ ਸਰਕਾਰੇ ਤੂੰ ਮੁੜ
ਸੁੱਤੀ ਜਵਾਨੀ ਉੱਠਾਲ ਦਿੱਤੀ,
ਤਾਸ਼ਪੁਰੀ ਨਿਰਵੈਲ ਸਿਆਂ
ਹੱਕਾਂ ਵਾਲੀ ਮਿਸਾਲ ਬਾਲ ਦਿੱਤੀ,
ਕਿਸਾਨ ਸਦਾ ਜ਼ਿੰਦਾਬਾਦ ਰਹੇਗਾ ਤੇ
ਜ਼ਿੰਦਾਬਾਦ ਵਾਲੇ ਨਾਹਰੇ ਲਾਉਣਗੇ,
ਮੌਕਾ ਸਾਭ ਲੈ ਤੂੰ ਸਰਕਾਰੇ,
ਨਹੀਂ ਤਾਂ ਹੱਥ ਤੇਰੇ ਗਲੇ ਨੂੰ
ਪਾਉਣਗੇ।

ਨਿਰਵੈਲ ਸਿੰਘ ਢਿੱਲੋਂ
ਇਟਲੀ
00393318525163

## ਨਜ਼ਮ

### ਪ੍ਰਕਾਸ਼ ਸੋਹਲ



ਇਹ ਕਵਿਤਾ ਬਹੁਤ ਪੁਰਾਣੀ ਹੈ ,
ਮੇਰੀਆਂ ਪੁਸ਼ਤਾਂ ਦੀ ਕਹਾਣੀ ਹੈ ।
ਇਹ ਕਵਿਤਾ ਸਿੱਧੀ ਸਾਧੀ ਸੀ ,
ਹੁਣ ਹੋਈ ਜ਼ਰਾ ਸਿਆਣੀ ਹੈ ।
ਇਹ ਕਵਿਤਾ ਬੜੀ ਪੁਰਾਣੀ ਹੈ ...

ਇਹ ਕਵਿਤਾ ਹੈ ਮੇਰੇ ਲੋਕਾਂ ਦੀ ,
ਗੁੱਝੀਆਂ ਰਮਜ਼ਾਂ ਨੋਕਾਂ ਲੋਕਾਂ ਦੀ ,
ਜੋ ਤਾਜ਼ਾ ਖ਼ੂਨ ਨਿੱਤ ਚੂਸਦੀਆਂ ,
ਕਿਰਤੀ ਨੂੰ ਲੱਗੀਆਂ ਜੋਕਾਂ ਦੀ ।
ਇਹ ਕਵਿਤਾ ਹੈ ਮੇਰੇ ਲੋਕਾਂ ਦੀ ...

ਮਿੱਟੀ ’ਚ ਮਿੱਟੀ ਹੋ ਰਹਿੰਦਾ ਜੋ ,
ਮੀਹ ਝੱਖੜ ਸਿਰ ਤੇ ਸਹਿੰਦਾ ਜੋ ,
ਇਹ ਕਵਿਤਾ ਤਾਂ ਉਸਦੀ ਹੀ ਹੈ ,
ਚੁੱਪ ਕਰਕੇ ਰਹਿਆ ਸਹਿੰਦਾ ਜੋ
ਮਿੱਟੀ ਨਾਲ ਘੁਲਦਾ ਰਹਿੰਦਾ ਜੋ ...

ਇਹ ਕਵਿਤਾ ਸਾਡੀਆਂ ਫ਼ਸਲਾਂ ਦੀ ,
ਕਿਰਤੀ, ਕਿਰਸਾਨੀ ਨਸਲਾਂ ਦੀ ।
ਹਰ ਵਕਤ ਝੂਠ ਨਾਲ ਜੂਝਦੀ ਹੈ ,
ਪਰ ਇਹ ਕਵਿਤਾ ਹੈ ਅਸਲਾਂ ਦੀ ,
ਇਹ ਕਵਿਤਾ ਸਾਡੀਆਂ ਫ਼ਸਲਾਂ ਦੀ

ਸੁੱਤੀ ਕਵਿਤਾ ਨੂੰ ਕਿਸੇ ਜਗਾਇਆ ਹੈ,
ਕੰਨੀ ਹੂੰਕ ਦਾ ਨਾਅਰਾ ਲਾਇਆ ਹੈ।
ਦੇਰ ਨਾਲ ਸਹੀ, ਪਰ ਜਾਣ ਗਈ ,
ਕੌਣ ਆਪਣਾ ਤੇ ਕੌਣ ਪਰਾਇਆ ਹੈ।
ਕਿਸੇ ਕਵਿਤਾ ਨੂੰ ਆਣ ਜਗਾਇਆ ਹੈ।

ਕਵਿਤਾ ਉੱਚ ਦਿੱਲੀ ਨੂੰ ਧਾਈ ਹੈ
ਆਪਣੇ ਹੱਕ ਲੈਣ ਲਈ ਆਈ ਹੈ ।
ਕਰੇ ਬਾਤ ਨਿਰੋਲ ਕਿਸਾਨੀ ਦੀ ,
ਨਾ ਧਰਮ ਕਿਸੇ ਦੀ ਲੜਾਈ ਹੈ ।
ਕਵਿਤਾ ਹੱਕ ਲੈਣ ਲਈ ਆਈ ਹੈ...

ਇਹ ਕਵਿਤਾ ਕਿਰਤ ਕਿਸਾਨੀ ਦੀ ,
ਕੁਝ ਕਹਿਣ ਇਹਨੂੰ ਖਾਲਿਸਤਾਨੀ ਦੀ,
ਨੇਤਾਵਾਂ ਦੇ ਚਮਚੇ ਆਖਣ ਪਏ ,
ਇਹ ਸਾਜਿਸ਼ ਕਿਸੇ ਪਾਕਿਸਤਾਨੀ ਦੀ।
ਇਹ ਕਵਿਤਾ ਤਾਂ ਸਿਰਫ਼ ਕਿਸਾਨੀ ਦੀ
...

ਜਦ ਕਵਿਤਾ ਜਿੱਤ ਕੇ ਘਰ ਆਏਗੀ,
ਤਾਂ ਪੰਜਾਬੀਆਂ ਦਾ ਮਾਣ ਵਧਾਏਗੀ ।
ਇਹ ਕਹਾਣੀ ਹੱਕ ਤੇ ਸੱਚ ਦੀ ਹੈ ,
ਕੁੱਲ ਦੁਨੀਆਂ ਇਸਨੂੰ ਗਾਏਗੀ ,
ਆਖ਼ਿਰ ਕਵਿਤਾ ਜਿੱਤ ਜਾਏਗੀ
ਜਿਸ ਸ਼ਾਤਮਈ ਢੰਗ ਨਾਲ ਚੱਲੀ ਹੈ,
ਦੁਨੀਆਂ ਇਸਨੂੰ ਵਡਿਆਏਗੀ ।
ਮੇਰੀ ਕਵਿਤਾ ਜਿੱਤ ਕੇ ਘਰ ਆਏਗੀ।

**ਪ੍ਰਕਾਸ਼ ਸੋਹਲ**
**ਲੰਡਨ, ਯੂ. ਕੇ.**

## ਨਜ਼ਮ
## ਬਲਬੀਰ ਸਿੰਘ ਕੰਵਲ



### ਕਿਸਾਨ ਮੋਰਚਾ

ਹਈ ਸ਼ਾਵਾ ਹਈ,
ਦਿੱਲੀ ਗਈ ਕਿ ਗਈ।
ਗੁਰੂ ਦੀ ਇਹ ਫ਼ੌਜ ਲਾਡਲੀ
ਲੱਕ ਬੰਨ੍ਹ ਦਿੱਲੀ ਨੂੰ ਪਈ।
ਨਾਲ ਪੂਰਾ ਲਾਮ ਲਸ਼ਕਰ
ਨਾਲ ਜਾ ਰਹੇ ਲੱਖਾਂ ਗੜਵਈ
ਕਾਨੂੰਨ ਕਾਲੇ ਖਾਤਮੇ ਲਈ
ਤੁਰੇ ਜਾਂਦੇ ਨੇ ਸਭ ਲੜਵਈ।
ਪਿੱਛੇ ਟੱਬਰ ਰੁਲ ਨੇ ਰਹੇ
ਹੋਰ ਵੀ ਫ਼ਿਕਰ ਨੇ ਕਈ
ਤਾਂ ਵੀ ਫ਼ਿਕਰ ਨੇ ਕਈ
ਤਾਂ ਵੀ ਨਹੀਂਉਂ ਸਿਦਕ ਡੋਲਦੇ
ਹਈ ਸ਼ਾਵਾ ਹਈ
ਹਈ ਸ਼ਾਵਾ ਹਈ

ਕਈ ਲੱਖ ਕੱਠੇ ਟਰੈਕਟਰ
ਤੁਰੇ ਜਾਂਦੇ ਨੇ ਨਾਲੋ ਨਾਲ ਭਈ
ਮੋਢੇ ਨਾਲ ਮੋਢਾ ਜੋੜਿਆ
ਇਕ ਦੂਜੇ ਨਾਲ ਜਾਂਦੇ ਨੇ ਖਹੀ।
ਮਾਵਾਂ ਭੈਣਾਂ ਨਾਲ ਰਲੀਆਂ
ਉਨ੍ਹਾਂ ਵਿਚ ਬਜ਼ੁਰਗ ਵੀ ਕਈ।
ਧੰਨ ਜੇਰਾ ਧਰਮੀਆਂ ਦਾ
ਝੱਲੀ ਜਾਂਦੇ ਨੇ ਮੌਸਮ ਨਿਰਦਈ।
ਓੜਕ ਹੋਊ ਜਿੱਤ ਇਨ੍ਹਾਂ ਦੀ
ਲੋਕਾਂ ਜੋਕਾਂ ਦੀ ਲੜਾਈ ਹੈ ਭਈ
ਹਈ ਸ਼ਾਵਾ ਹਈ
ਹਈ ਸ਼ਾਵਾ ਹਈ
ਦਿੱਲੀ ਗਈ ਕਿ ਗਈ
ਮੋੜੀਂ ਬਾਬਾ ਡਾਂਗ ਵਾਲਿਆ
ਰੰਨ ਗਈ ਬਸਰੇ ਨੂੰ ਗਈ।

### ਮੇਰੀ ਦਿੱਲੀ-ਤੇਰੀ ਦਿੱਲੀ

ਇਹ ਦਿੱਲੀ ਕੱਲੀ ਤੇਰੀ ਨਹੀਂ
ਮੇਰਾ ਵੀ ਇਸ ਵਿਚ ਹਿੱਸਾ ਹੈ।
ਕਿੰਨੀ ਕੁਰਬਾਨੀ ਮੈਂ ਦਿੱਤੀ,
ਇਹ ਲੰਬਾ ਚੌੜਾ ਕਿੱਸਾ ਹੈ।
ਮੇਰੀ ਦਿੱਲੀ ਕਿਸਾਨੀ ਦੀ,
ਤੇਰੀ ਪਰ ਬੇਈਮਾਨੀ ਦੀ
ਮੇਰੀ ਅੰਨ ਦੇ ਦਾਤੇ ਦੀ,
ਤੇਰੀ ਪੂੰਜੀਪਤੀਆਂ ਤੇ ਧਨਵਾਨਾਂ ਦੀ।
ਹੋਰ ਕਮਾਉਣ ਦੇ ਭੁੱਖੜ ਬੇਈਮਾਨਾਂ
ਦੀ।
ਵੱਡੀ ਖਸਮਾਂ ਖਾਣਿਆਂ ਦੀ।

ਤੇਰੀ ਦਿੱਲੀ ਬਾਬਰ ਦੀ
ਬੁੱਚੜ ਦੀ ਇਕ ਜਾਬਰ ਦੀ
ਮੇਰੀ ਪਰ ਤੇਗ ਬਹਾਦਰ ਦੀ
ਰਾਖੇ, ਹਿੰਦ ਦੀ ਚਾਦਰ ਦੀ।

ਤੇਰੀ ਦਿੱਲੀ ਨਾਦਰ ਦੀ
ਮੇਰੀ ਬੰਦਾ ਬਹਾਦਰ ਦੀ ।
ਇਹ ਦਿੱਲੀ ਬਾਬਾ ਬਘੇਲ ਦੀ
ਇਹ ਦਿੱਲੀ ਕੱਲੀ ਤੇਰੀ ਨਹੀਂ
ਇਸ ਵਿਚ ਮੇਰਾ ਵੀ ਹਿੱਸਾ ਹੈ
ਇਸ ਵਿਚ ਮੇਰਾ ਵੀ ਹਿੱਸਾ ਹੈ।

**ਬਲਬੀਰ ਸਿੰਘ ਕੰਵਲ**
**ਯੂ. ਕੇ.**

## ਨਜ਼ਮ

### ਅਮਜ਼ਦ ਆਰਿਫ਼



ਇਹ ਅੰਦੋਲਨ ਹੈ ਮਜ਼ਦੂਰ
ਕਿਸਾਨਾਂ ਦਾ
ਹਿਲ਼ ਜਾਣਾ ਹੈ ਬੂਹਾ ਹੁਣ
ਹੈਵਾਨਾਂ ਦਾ

ਹਿਕ ’ਤੇ ਵੱਟੇ ਜਰ ਕੇ ਵੀ
ਬੇ ਸਬਰੇ ਨਈਂ
ਵੇਖ ਲੈ ਜ਼ਾਲਮ ਹੌਸਲਾ
ਇਨ੍ਹਾਂ ਸਾਹਨਾਂ ਦਾ

ਟੁਰ ਗਏ ਨੇ ਜੋ ਹੱਕ ਨੂੰ
ਮੰਗਦੇ ਦੁਨੀਆ ਤੋਂ
ਪੈ ਜਾਊਗਾ ਮੁੱਲ ਉਨ੍ਹਾਂ ਦਿੱਤੀਆਂ
ਜਾਨਾਂ ਦਾ

ਵੈਰੀਉ ਇਹ ਗੱਲ ਚੇਤੇ
ਰੱਖਣਾ ਭੁੱਲੀਓ ਨਾ
ਲੈ ਕੇ ਰਹਾਂਗੇ ਬਦਲਾ ਸਭ
ਅਪਮਾਨਾਂ ਦਾ

ਹਾਲ਼ੀ ਤੀਕਰ ਵੱਸ ਵਿਚ ਏ
ਗੱਲ ਮੁਕਾ ਨਾ ਲਈਏ
ਮੁੱਕਣੀ ਨਈਂ ਜੇ ਖੁੱਲ ਗਿਆ
ਮੂੰਹ ਕਿਰਪਾਨਾਂ ਦਾ

ਰੱਬ ਨੇ ਚਾਹਿਆ ਮਿੱਤਰੋ
ਜਿੱਤ ਕੇ ਜਾਵਾਂਗੇ
ਟੁੱਟਦਾ ਜਾਂਦਾ ਜ਼ੋਰ ਏ
ਉੱਚੀਆਂ ਤਾਨਾਂ ਦਾ

**ਅਮਜ਼ਦ ਆਰਿਫ਼**
**ਜਰਮਨੀ**
**+491775792360**



ਰਾਜਧਾਨੀਏ ਜੇ ਸ਼ੌਕ ਤੈਨੂੰ ਖ਼ੂਨ ਪੀਣ
ਦਾ,
ਸਦਾ ਜ਼ਿੰਦਾਬਾਦ ਕਿਰਤੀ-ਕਿਸਾਨ
ਰਹਿਣਗੇ।
ਬੜੇ ਯੁੱਗ ਜਾਣਗੇ ਬੜੇ ਯੁੱਗ
ਆਉਣਗੇ,
ਤੇਰੀ ਹਿੱਕ ਉੱਤੇ ਟਾਇਰਾਂ ਦੇ ਨਿਸ਼ਾਨ
ਰਹਿਣਗੇ।

**ਰਾਜਿੰਦਰਜੀਤ**
**ਵਾਲਸਾਲ, ਯੂ. ਕੇ.**

## ਨਜ਼ਮ

### ਸੋਨੀਆ ਪਾਲ



### ਜਾਗ ਪਏ ਨੇ ਲੋਕ

ਜਾਗ ਪਏ ਨੇ ਲੋਕ ਹੁਣ
ਨਾ ਰਹਿਣ ਡਰ ਕੇ
ਘਰੋਂ ਤੁਰ ਪਏ ਨੇ
ਗੁਰੂਆਂ ਦੀ ਓਟ ਧਰ ਕੇ
ਕੋਈ ਪੁਲਿਸ, ਬੈਰੀਕੇਡ
ਰਾਹ ਰੋਕ ਨਾ ਸਕੇ
ਪਾਣੀ ਦੀ ਫੁਹਾਰ ਵੀ
ਇਹ ਬੰਦ ਕਰ ਗਏ

ਤਗੜੇ ਇਹ ਜੁੱਸੇ ਕੱਦ-ਕਾਠ ਰੱਖਦੇ
ਰਾਹਾਂ ਦੇ ਰੋੜੇ ਵੀ ਸਿਜਦੇ ਨੇ ਕਰਦੇ
ਸਬਰ, ਸਿਦਕ, ਸਿਰੜ ਦਾ ਨੇ ਦਮ
ਭਰਦੇ
ਤਾਂ ਹੀਂ ਹੌਂਸਲੇ ਵੀ ਆਪਣੇ ਬੁਲੰਦ
ਰੱਖਦੇ

'ਖਾਲਸੇ ਦੀ ਏਡ' ਨੇ ਸਿਰ ਮੱਥੇ ਧਰ
ਲਏ
ਤੇ ਆੜ੍ਹੀਆਂ ਨਾਲ ਆੜ੍ਹੀ ਆਣ ਖੜ੍ਹ
ਗਏ

ਬੀਬੀ ਅਤੇ ਬਾਬਾ ਪਹਿਲਾਂ ਪਾਠ
ਪੜ੍ਹਦੇ
ਲੰਗਰ ਦਾਲ-ਰੋਟੀ, ਦਾ ਤਿਆਰ
ਕਰਦੇ

ਗੁਰੂਆਂ ਪਿਆਰਿਆਂ ਦੀ ਓਟ ਸਦਕੇ
ਭੁੱਖੇ ਤੇ ਗਰੀਬ ਜਾਣ ਰੱਜ-ਰੱਜ ਕੇ
ਦਿਲੋਂ ਦੇਣ ਇਹ ਦੁਆਂਵਾਂ 'ਸੁਖੀ ਰਹੋ
ਵਸਦੇ
ਸਕੂਨ ਨਾਲ ਬੈਠ ਹੱਸ-ਹੱਸ ਖਾਂਵਦੇ

ਤੰਬੂਆਂ ਦੇ ਵਿੱਚ ਵੀ ਸਕੂਲ ਖੁੱਲ੍ਹ
ਗਏ
ਨਿੱਕੇ-ਨਿੱਕੇ ਬਾਲ 'ਤੇਰਾ-ਤੇਰਾ'
ਸਿੱਖਦੇ
ਰਾਈ, ਰੱਤੀ, ਮਾਸ਼ਾ ਨਾਲੇ ਯੋਗਾ
ਸਿੱਖਦੇ
'ਓਮ' ਬੋਲਦੇ ਤੇ 'ਇੱਕ ਓਮ ਕਾਰ'
ਜਪਦੇ

ਮੀਡੀਏ ਦੇ ਮੂਹਰੇ ਵੀ ਜ਼ਰਾ ਨਾ ਝੱਕਦੇ
ਵੋਲੰਟੀਅਰਜ਼ ਦੇ ਸਿਰਾਂ ਤੇ ਅਸ਼-ਅਸ਼
ਕਰਦੇ
ਤਾਣੇ ਜੋ ਤੰਬੂਰੇ ਸਿੰਘੂ ਬਾਰਡਰ ਦੇ
ਉੱਤੇ
ਇਹਦੇ ਜਾਹੋ-ਜਲਾਲ ਦੂਰ ਤਾਂਈਂ
ਬੋਲਦੇ

ਦੂਰ ਬੈਠ ਪਰਦੇਸੀਂ ਮੇਰੀ ਪੇਸ਼ ਨਾ
ਚੱਲੇ

ਕੋਈ ਕੱਢ ਮੇਰਾ ਦਿਲ ਝੱਟ ਦਿੱਲੀ
ਨੂੰ ਘੱਲੇ
ਅੱਖਾਂ ਭਰ-ਭਰ ਵੇਖਾਂ ਨਿੱਕੇ ਬਾਲ
ਠਰਦੇ
ਨਿੱਕੇ-ਨਿੱਕੇ ਬਾਲ ਵੀ ਜ਼ਰਾ ਨਾ
ਡਰਦੇ

ਪਰ ਨਰੜਾਂ ਦੇ ਕੰਨਾਂ ਤੇ ਨਾ ਜੂੰ ਸਰਕੇ
ਇਹ ਤਾਂ ਐਸੀ ਢਾਬ ਉੱਤੇ ਰਹਿਣ
ਚੜ੍ਹਕੇ
ਮਰਿਆਂ ਦੇ ਦੁੱਖ ਤੇ ਵੀ ਨਾ ਸੀਅ
ਕਰਦੇ
ਹੁੰਦੀ ਜੇ ਸੁਮੱਤ ਇਹਨਾਂ, ਕੁਲਹਿਣੇ ਤੇ
ਕੁਮੱਤੇ
ਕਾਲੇ ਇਹ ਕਨੂੰਨ ਭਲਾ ਕਿਉਂ ਘੜਦੇ

ਜੇ ਲਾਲੋ ਅਤੇ ਭਾਗੋ ਵਾਲੀ ਸਾਖੀ
ਪੜ੍ਹਦੇ
ਹੱਕ-ਸੱਚ ਦੀ ਕਮਾਈ 'ਤੇ ਨਾ ਲੱਤ
ਮਾਰਦੇ

ਨਾਲੇ ਵੀਹ ਰੁਪਈਆਂ ਦਾ ਵੀ ਮੁੱਲ
ਜਾਣਦੇ
ਲੰਗਰ ਵੀਹ ਰੁਪਈਆਂ ਵਾਲਾ
ਦਿਨ-ਰਾਤ ਵਰਤੇ
ਹਿੰਦੂ ਮੁਸਲਮਾਨ ਸਭ ਕੱਠੇ ਇੱਕ ਥਾਂ
'ਤੇ ਕਰਤੇ
ਇੱਕ ਦੂਜੇ ਦੇ ਦੁੱਖਾਂ ਤੇ ਸੀ ਉਹ
ਹਓਕੇ ਭਰਦੇ

ਕਰਾਂ ਦਿਲੋਂ ਮੈਂ ਦੁਆਂਵਾਂ ਦੋਵੇਂ ਹੱਥ
ਜੋੜ ਕੇ
ਸਿਰ ਧਰ ਤਾਜ ਮੁੜਨ ਜੰਗ ਸਰ
ਕਰਕੇ
ਜੁੜੀ ਰਹੇ ਇਹਦੀ ਤੰਦ ਕਦੀ ਨਾ
ਤਿੜਕੇ
ਭਾਈਆਂ ਨੂੰ ਭਾਈ ਸਦਾ ਈ ਰਹਿਣ
ਮਿਲਦੇ

ਦਿੱਲੀਏ ਨੀ ਦਿੱਲੀਏ, ਕਰ ਕੁਛ
ਅੜੀਏ,
ਦਰ ਆਏ ਨੇ ਸੁਆਲੀ ਤੇਰੇ ਸਿਰ
ਚੜ੍ਹ ਕੇ
ਰਹੇ ਗੁਰੂਆਂ ਦੀ ਮਿਹਰ, 'ਕਿਸਾਨੀ'
ਦੇ ਉੱਤੇ
ਮਨੁੱਖਤਾ ਦਾ ਦਿਲ ਇਹਦੇ ਵਿੱਚ
ਧੜਕੇ

ਮੈਂ ਵਾਰੀ-ਵਾਰੀ ਜਾਂਵਾਂ ,ਨਾਲੇ ਜੀ
ਸਦਕੇ
ਦਿਲਾਂ ਨੂੰ ਦਿਲਾਂ ਦੇ ਰਹਿਣ ਇਹ ਰਾਹ
ਸਜਦੇ
ਜਾਗ ਪਏ ਨੇ ਲੋਕ ਹੁਣ ਨਾ ਰਹਿਣ
ਡਰ ਕੇ
ਘਰੋਂ ਤੁਰ ਪਏ ਨੇ ਗੁਰੂਆਂ ਦੀ ਓਟ
ਧਰ ਕੇ ।

**ਸੋਨੀਆ ਪਾਲ**
**ਵਾਲਵਰਹੈਮਪਟਨ, ਯੂ. ਕੇ.**
**+447551379491**

ਮੈ

# ਆਸਟਰੇਲੀਅਨ ਕਵੀ

## ਨਜ਼ਮ

ਡਾ. ਅਮਰਜੀਤ ਟਾਂਡਾ



### ਜਾਰੀ ਰਹੇਗਾ ਸੰਘਰਸ਼

ਜਾਰੀ ਰਹੇਗਾ ਸਾਡਾ ਸੰਘਰਸ਼
ਜਦ ਤੱਕ ਸੂਰਜ 'ਚ ਲੋਅ ਰਹੇਗੀ
ਤਾਰੇ ਰਹਿਣਗੇ ਟਿਮਟਿਮਾਉਂਦੇ
ਚੰਦ ਤੇ ਦਾਦੀ ਮਾਂ ਦਾ ਚਰਖਾ
ਘੂਕਦਾ ਰਹੇਗਾ
ਸਰਘੀਆਂ
ਵਾਜਾਂ ਨਹੀਂ ਮਾਰਦੀਆਂ ਸਵੇਰਿਆਂ ਨੂੰ

ਜਾਰੀ ਰਹੇਗਾ ਸੰਘਰਸ਼
ਜਦ ਤੱਕ ਖੇਤਾਂ 'ਚੋਂ
ਉਦਾਸੀਆਂ ਨਹੀਂ ਮਰਦੀਆਂ
ਬੇੜੀਆਂ ਨਹੀਂ ਡਿੱਗਦੀਆਂ
ਟੁੱਟ ਕੇ ਪੈਰਾਂ 'ਚੋਂ
ਕਿਰਤ ਕਰਨ ਵਾਲੇ ਹੱਥਾਂ ਵਿੱਚੋਂ
ਗ਼ੁਲਾਮੀ ਨਹੀਂ ਝੜਦੀ
ਰੁੱਤਾਂ 'ਚੋਂ ਨਹੀਂ ਜਾਂਦੇ ਉਦਾਸ ਪਹਿਰ
ਚਾਵਾਂ 'ਤੇ ਨਹੀਂ ਪੈਂਦੀ
ਕਿਣਮਿਣ ਬਹਾਰ ਦੇ ਮੌਸਮ ਦੀ

ਸੰਘਰਸ਼ ਜਾਰੀ ਰਹੇਗਾ
ਜਦ ਤੱਕ ਸਿਆੜਾਂ 'ਚ
ਕਿਰੇ ਪਸੀਨੇ ਦੇ ਤੁਪਕਿਆਂ ਨੂੰ
ਸਿੱਟੇ ਨਹੀਂ ਲੱਗਦੇ।
ਬਾਸਮਤੀ ਦੀ ਮਹਿਕ ਦਾ
ਪੂਰਾ ਮੁੱਲ ਨਹੀਂ ਮਿਲਦਾ
ਝੁਕੀਆਂ ਪਿੱਠਾਂ ਨੂੰ
ਕਪਾਹ ਦੇ ਖਿੜੇ ਟੀਂਡਿਆਂ 'ਚ
ਫੁੱਟੀਆਂ
ਦੇ ਮੁੱਖ 'ਤੇ ਮਖ਼ਮਲੀ ਮੁਸਕਰਾਹਟ
ਨਹੀਂ ਉੱਗਦੀ।

ਸੰਘਰਸ਼ ਜਾਰੀ ਰਹੇਗਾ
ਜਦ ਤੱਕ ਅਰਮਾਨ
ਕਤਲ ਹੋਣੋ ਨਹੀਂ ਬਚਦੇ
ਬਾਪੂ ਦੀਆਂ ਅੱਖਾਂ 'ਚ
ਲੋਅ ਨਹੀਂ ਜਗਦੀ ਦੀਪਕ ਵਰਗੀ
ਮਿਹਨਤ ਦੀਆਂ ਲਕੀਰਾਂ 'ਚ
ਤਕਦੀਰਾਂ ਨਹੀਂ ਫੁੱਟਦੀਆਂ
ਨਵੀਂ ਰੀਝ ਵਰਗੀਆਂ
ਜਾਗ ਨਹੀਂ ਲਗਦੇ
ਸਿਤਾਰਿਆਂ ਦੇ ਲੋਕ ਗੀਤਾਂ ਨੂੰ
ਸੂਰਜਾਂ ਨੂੰ ਛੂਹਣਾ ਨਹੀਂ ਸਿੱਖਦੇ
ਉੱਠਦੇ ਨਾਹਰੇ।

ਸੰਘਰਸ਼ ਜਾਰੀ ਰਹੇਗਾ
ਜਦ ਤੱਕ ਮੰਡੀਆਂ 'ਚੋਂ
ਕਣਕ ਦੇ ਸੋਨ ਰੰਗੇ ਸੁਪਨੇ

ਭੰਗੜੇ ਪਾਉਂਦੇ ਘਰੀਂ ਨਹੀਂ ਪਰਤਦੇ
ਬੱਚਿਆਂ ਲਈ
ਨਵੇਂ ਖਿਡਾਉਣੇ ਲਿਆ ਬਾਪੂ
ਵਿਹੜੇ 'ਚ ਆ ਕੇ ਨਹੀਂ
ਮੁਸਕਰਾਉਂਦਾ
ਸਰ੍ਹੋਂ ਦੇ ਖੇਤਾਂ 'ਚ
ਰੌਣਕਾਂ ਨਹੀਂ ਖਿੜਦੀਆਂ
ਬਸੰਤ ਵਰਗੀਆਂ
ਪੰਛੀ ਨਹੀਂ ਪਰਤਦੇ ਘਰਾਂ ਨੂੰ
ਮੋਤੀਆਂ ਦੀ ਚੋਗ ਲੈ ਕੇ।

ਸੰਘਰਸ਼ ਜਾਰੀ ਰਹੇਗਾ
ਜਦ ਤੱਕ ਅਦਾਲਤਾਂ
ਨਹੀਂ ਸਿੱਖਦੀਆਂ ਨਿਆਂ ਕਰਨੇ
ਮੁੱਦਤਾਂ ਦੇ ਪਏ ਫਾਈਲਾਂ 'ਚ
ਸਹਿਕਦੇ
ਕਚਹਿਰੀਆਂ ਦੇ ਰੁੱਖਾਂ ਹੇਠ
ਛਾਂਵਾਂ ਨਹੀਂ
ਮੁੜਦੀਆਂ ਉਮੀਦਾਂ ਬਣ ਕੇ।

ਪੂੰਝੇ ਨਹੀਂ ਜਾਂਦੇ
ਹਨੇਰੇ ਵਿਹੜਿਆਂ 'ਚੋਂ
ਥਾਣਿਆਂ ਚ ਬੇਪਤ ਹੋਣੋਂ ਨਹੀਂ
ਹਟਦੀਆਂ ਬੱਗੀਆਂ ਦਾੜ੍ਹੀਆਂ

ਸਾਡਾ ਸੰਘਰਸ਼ ਜਾਰੀ ਰਹੇਗਾ
ਜਦ ਤੱਕ ਹਾਕਮ
ਪਰਿਆ 'ਚ ਆ ਕੇ
ਗ਼ਲਤੀਆਂ ਦਾ ਅਹਿਸਾਸ ਨਹੀਂ
ਕਰਦਾ
ਮਨਮਾਨੀਆਂ ਕਰਨੋ ਨਹੀਂ ਹਟਦਾ
ਕਾਨੂੰਨਾਂ ਨੂੰ ਜਬਰੀ ਸਾਡੇ ਸਿਰ ਮੜ੍ਹ
ਕੇ।

ਗਲਾਂ ਚੋਂ ਨਹੀਂ ਟੁੱਟਦੇ
ਕਰਜ਼ਿਆਂ ਦੇ ਫੰਦੇ
ਨਹੀਂ ਮਰਦੀਆਂ ਭ੍ਰਿਸ਼ਟਾਚਾਰੀ
ਹਵਾਵਾਂ ਦਫਤਰਾਂ ਦੀਆਂ ਖਿੜਕੀਆਂ
'ਚੋਂ।

ਸੰਘਰਸ਼ ਜਾਰੀ ਰਹੇਗਾ
ਜਦ ਤੱਕ ਲੜਨ ਦੀ ਰੀਝ ਨਾ ਮਰੀ
ਜ਼ਖ਼ਮੀ ਹੋ ਹਫ ਕੇ ਨਾ ਡਿੱਗੇ
ਅਰਮਾਨ
ਝੁੱਗੀ ਦੇ ਅੰਦਰ
ਦੀਵਾ ਨਾ ਜਗਿਆ ਚੰਦ ਵਰਗਾ
ਤਾਰਿਆਂ ਨੂੰ ਨਾ ਫੜਾਇਆ
ਖੇਡਣ ਲਈ ਨੰਨ੍ਹਿਆਂ ਆਂ ਦੇ ਹੱਥਾਂ
'ਚ

ਸੰਘਰਸ਼ ਜਾਰੀ ਰਹੇਗਾ
ਜਦ ਤੱਕ ਅਸਮਾਨ ਗੰਧਲਾ ਰਿਹਾ
ਸੁਪਨੇ ਮਰਦੇ ਰਹੇ
ਜਦੋਂ ਤੱਕ
ਕਿਰ ਕਿਰ ਕੇ
ਤਲਵਾਰ ਰਹੀ ਸੁੱਤੀ
ਜਦ ਤੱਕ ਨਾਲ
ਯਾਰੜੇ ਦੇ ਸੱਥਰ 'ਤੇ।

**ਡਾ. ਅਮਰਜੀਤ ਟਾਂਡਾ**
**ਸਿਡਨੀ, ਆਸਟਰੇਲੀਆ**
**+61417271147**

## ਨਜ਼ਮ

**ਸਰਬਜੀਤ ਸੋਹੀ**



### ਫ਼ੈਸਲਾ

ਸਿਰਾਂ ਤੇ ਕਫ਼ਨ ਬੰਨ ਕੇ
ਘਰਾਂ ਤੋਂ ਨਿਕਲੇ
ਮੇਰੀ ਧਰਤੀ ਦੇ ਸੂਰਮੇ ਲੋਕੋ
ਇਤਿਹਾਸ ਗਵਾਹ ਹੈ
ਕਿ ਫਾਸੀਵਾਦੀ
ਕਦੀ ਹਾਰ ਨਹੀਂ ਮੰਨਦੇ
ਪਰ ਹਸ਼ਰ ਦਾ ਦਿਨ ਵੀ
ਹੁਣ ਬਹੁਤੀ ਦੂਰ ਨਹੀਂ ।

ਐਤਕੀ ਆਪ ਹੀ ਛੱਡ ਆਏ ਨੇ
ਲੜਣ ਲਈ
ਜੋ ਗੁਰਦਾਸ ਨੰਗਲ ਦੀ ਕੱਚੀ ਗੜੀ
ਉਹ ਠੁਕਰਾ ਦੇਣਗੇ
ਲਾਲ ਕਿਲ੍ਹੇ ਦੀ ਫ਼ਸੀਲ ਤੋਂ
ਆਇਆ ਹਰ ਫ਼ੁਰਮਾਨ।

ਜਿੰਨ੍ਹਾ ਦੇ ਸਾਹਾਂ ਵਿੱਚ ਮਘਦੀ ਹੈ
ਚਮਕੌਰ ਦੀ ਗੜ੍ਹੀ ਵਾਲੀ ਚਿਣਗ
ਜਿੰਨ੍ਹਾ ਦੀ ਹਿੱਕ ਵਿੱਚ
ਡੂੰਘਾ ਉੱਕਰਿਆ ਹੈ
ਮਾਛੀਵਾੜੇ ਦਾ ਇਤਿਹਾਸ
ਉਹਨਾਂ ਲਈ ਜ਼ਿੰਦਗੀ
ਸਿਰਫ਼ ਜੂਝਣ ਦਾ ਨਾਮ ਹੈ ।

ਫ਼ੈਸਲਾ ਤਾਂ
ਹੁਣ ਹੋ ਕੇ ਹੀ ਰਹੂ
ਕਿ ਹੰਕਾਰੀ ਦਿੱਲੀ ਦੇ ਕਿੰਗਰੇ
ਸਲਾਮਤ ਰਹਿਣਗੇ
ਜਾਂ ਮਿੱਟੀ ਨਾਲ ਮਿੱਟੀ ਹੋਣ ਵਾਲੇ
ਕਿਰਤੀ ਲੋਕਾਂ ਦਾ ਸਿਦਕ

ਸ਼ਾਇਦ ਅਜੇ ਪਤਾ ਨਹੀਂ
ਮੱਛਰੇ ਹੋਏ ਭਗਵੇ ਵੱਗ ਨੂੰ
ਕਿ ਗੋਬਿੰਦ ਦੇ ਵਾਰਸ
ਕੋਈ ਫ਼ੈਸਲਾ ਸੁਣਨ ਨਹੀਂ
ਫ਼ੈਸਲਾ ਦੇਣ ਆਏ ਨੇ ।

### ਤੁਹਾਡੀ ਜਿੱਤ

ਪਾਣੀ ਦੀਆਂ ਬੁਛਾਰਾਂ ਵਿਚ
ਮਘਦੇ ਹੋਏ ਹੌਂਸਲੇ ਪਸਤ ਨਹੀਂ ਹੁੰਦੇ
ਜ਼ਿੰਦਗੀ ਦੀ ਲੋਰ ਵਿਚ ਕਦਮ ਤਾਲ
ਕਰਦੇ ਕਦਮ
ਮੌਤ ਦੀ ਪ੍ਰਵਾਹ ਨਹੀਂ ਕਰਦੇ
ਇਹ ਵਹਿਮ ਹੈ ਦਿੱਲੀ ਨੂੰ
ਕਿ ਉਸਦਾ ਹਰ ਹੁਕਮ ਤਾਮੀਲ
ਹੋਵੇਗਾ

ਕਿ ਉਸਦਾ ਹਰ ਸ਼ਬਦ
ਕਾਨੂੰਨ ਵਿਚ ਤਬਦੀਲ ਹੋਵੇਗਾ ।

ਹੁਣ ਉਹ ਦਿਨ ਦੂਰ ਨਹੀਂ
ਜਦੋਂ ਭੌਰੀਆਂ ਵਾਲੇ ਹੱਥ ਲਿਖਣਗੇ
ਪਸੀਨੇ ਨਾਲ ਵਰਤਮਾਨ ਦੇ ਪੰਨਿਆਂ
ਉੱਤੇ
ਇਨਕਲਾਬ ਦੀ ਇਬਾਰਤ
ਸੁਹਾਗੀ ਹੋਈ ਚੇਤਨਾ ਦੀ ਭੂਮੀ ਵਿਚ
ਫੁੱਟ ਹੀ ਪੈਣਗੇ ਇਕ ਦਿਨ ਉਮੀਦਾਂ
ਦੇ ਬੀਜ
ਪੁੱਟ ਦਿੱਤੇ ਜਾਣਗੇ
ਹਰੀਆਂ ਫ਼ਸਲਾਂ ਵਿੱਚੋਂ ਨਾਗਪੁਰੀ
ਨਦੀਨ ।

ਹੁੱਟ ਵਿੱਚ ਟਹਿਕਦੇ ਹੋਏ
ਮੇਰੀ ਬਾਗ਼ੀ ਮਿੱਟੀ ਦੇ ਸੂਰਮੇ ਲੋਕੋ
ਬੱਸ ਹੌਸਲੇ ਨੂੰ
ਹਥਿਆਰ ਬਣਾਈ ਰੱਖਣਾ
ਬੱਸ ਚਿਹਰੇ ਨੂੰ
ਗੁਲਜ਼ਾਰ ਬਣਾਈ ਰੱਖਣਾ
ਤੁਹਾਡੀ ਜਿੱਤ
ਹੁਣ ਕੋਈ ਬਹੁਤੀ ਦੂਰ ਨਹੀਂ

**ਸਰਬਜੀਤ ਸੋਹੀ**
**ਬ੍ਰਿਸਬੇਨ, ਆਸਟਰੇਲੀਆ**
**+61410584302**






## ਨਜ਼ਮ

### ਰਮਿੰਦਰ ਕੌਰ



### ਹੱਕਾਂ ਲਈ ਲੜੀਏ

ਆਓ ਸਾਰੇ ਅੰਨਦਾਤੇ ਦੀ ਅਵਾਜ਼
ਬਣੀਏ
ਹੱਕ ਲੈਣ ਲਈ ਕਿਸਾਨਾਂ ਦੇ ਨਾਲ
ਖੜੀਏ,
ਹੁਣ ਵੇਲਾ ਚੁੱਪ ਰਹਿਣ ਦਾ ਨਹੀਂ
ਨਾ ਹੀ ਜ਼ੁਲਮ ਸਹਿਣ ਦਾ ਏ।
ਇਤਿਹਾਸ ਗਵਾਹ ਏ,
ਚੁੱਪ ਕੀਤਿਆਂ ਹੱਕ ਮਿਲਦੇ ਨਹੀਂ
ਇਹ ਕਿਸਮਤ ਦੀ ਖੇਡ ਵੀ ਨਹੀਂ ਏ,
ਇਹ ਮਸਲਾ ਹੋਂਦ ਦਾ ਏ।
ਹੱਕਾਂ ਖਾਤਿਰ ਤਾਂ ਜੂਝਣਾ ਪੈਂਦਾ
ਸੁੱਤੇ ਹਾਕਮਾਂ ਨੂੰ ਜਗਾਉਣਾ ਪੈਂਦਾ,
ਮੱਥਾ ਜ਼ੁਲਮ ਨਾਲ ਲਾਉਂਣਾ ਪੈਂਦਾ
ਜਾਲਮਾਂ ਨੂੰ ਤਾਂ ਸਮਝਾਉਣਾ ਪੈਂਦਾ।
ਆਓ ਆਪਣੇ ਹੱਕਾਂ ਲ਼ਈ ਲੜੀਏ
ਤੇ ਜਿੱਤ ਪ੍ਰਾਪਤ ਕਰੀਏ।

**ਰਮਿੰਦਰ ਕੌਰ**
**ਮੈਲਬਰਨ, ਆਸਟਰੇਲੀਆ**
**+614101515209**

## ਗ਼ਜਲ

### ਰੁਪਿੰਦਰ ਸੋਜ਼



ਭੀੜ ਦਾ ਜੇ ਸਿਰ ਹੈ, ਤਾਂ ਨਿਗਾਹਾਂ
ਬਣ ਜਾਓ।
ਨਾਲੇ ਉਹਦੀਆਂ ਲੱਤਾਂ,
ਬਾਹਾਂ ਬਣ ਜਾਓ।

ਸ਼ੂਕਦੀਆਂ ਗੱਡੀਆਂ ਲਈ
ਸੜਕਾਂ ਰਹਿਣ ਦਿਓ
ਆਪ ਸਮਾਂਤਰ ਕੱਚੀਆਂ
ਰਾਹਾਂ ਬਣ ਜਾਓ।

ਕਿੰਨੇ ਯੁੱਗ ਬੀਤੇ ਨੇ
ਭਟਕਾਉਂਦੇ ਹੋਏ
ਹੁਣ ਤਾਂ ਜਾ ਕੇ
ਨੇਕ ਸਲਾਹਾਂ ਬਣ ਜਾਓ।

ਜੇ ਆਪਣਾ ਦੁੱਖ ਚੁੱਪ
ਰਹਿ ਕੇ ਸਹਿ ਲੈਂਦੇ ਹੋ
ਤਾਂ ਭੁੱਖੇ ਢਿੱਡਾਂ ਦੀਆਂ
ਧਾਹਾਂ ਬਣ ਜਾਓ।

ਦੇਵੋ ਦਸਵੰਧ ਸਿੱਧਾ
ਬੇ-ਸਹਾਰਿਆਂ ਨੂੰ
ਉੱਜੜਿਆਂ ਦੇ ਲਈ 'ਸੋਜ਼'
ਪਨਾਹਾਂ ਬਣ ਜਾਓ।

**ਰੁਪਿੰਦਰ ਸੋਜ਼**
**ਬ੍ਰਿਸਬੇਨ, ਆਸਟਰੇਲੀਆ**

ਨਜ਼ਮ

## ਜਿੰਦਰ



ਅਟਕ ਦੀ ਅੜਕ ਨਾ ਰੋਕ ਸਕੀ
ਲੰਘੇ ਕਈ ਵਾਰ ਜਮਨਾ ਪਾਰ ਮੀਆਂ
ਸਾਡੇ ਸਬਰ ਪੱਕਦੇ ਨੇ
ਅੰਗਿਆਰਿਆਂ ’ਤੇ
ਤੇ ਨਾ ਤੂੰ ਫੂਕ ਮਾਰ ਮੀਆਂ,
ਮਹਿਲ ਸੋਨੇ ਤੇ ਰੁਲ਼ਦੇ ਮਖ਼ਮਲੀ
ਵਿਛਾਉਣੇ ਪੈਰੀਂ
ਚੜ ਆਏ ਨੇ ਘੋੜ ਸਵਾਰ ਮੀਆਂ,
ਹਲ ਨਾਨਕ ਦਾ ਸਾਡੇ ਇੱਕ ਹੱਥ
ਤੇ ਦੂਜੇ ਹੱਥ ਗੋਬਿੰਦ ਦੀ ਤਲਵਾਰ
ਮੀਆਂ,
ਤੇਰਾ ਤਖ਼ਤ ਰੋਲਿਆ ਮਗਰ ਘੋੜਿਆਂ
ਦੇ
ਲਿਆ ਸੁੱਟਿਆ ਸਤਲੁਜ ਤੋਂ ਪਾਰ
ਮੀਆਂ,
ਹੈਂਕੜ ਝੱਲੀ ਨਾ ਕਦੇ ਕਿਸੇ ਦੀ
ਸੂਰਿਆਂ
ਤੇ ਤੋੜੇ ਕਈਆਂ ਦੇ ਹੰਕਾਰ ਮੀਆਂ,
ਜਿੱਤ ਕੇ ਵੀ ਬਖ਼ਸ਼ ਦੇਵਣ ਚੌਧਰਾਂ
ਨਾ ਰੱਖਦੇ ਨੇ ਕਿਸੇ ਦਾ ਉਧਾਰ
ਮੀਆਂ,
ਝੋਲੀਆਂ ’ਚ ਲਾਸ਼ਾਂ ਪੁੱਤਾਂ ਦੀਆਂ
ਤੇ ਗਲ ਪੋਟਿਆਂ ਦੇ ਹਾਰ ਮੀਆਂ,
ਕੌਮ ਲਈ ਜਿਹਨੇ ਆਪਾ ਵਾਰ ਦਿੱਤਾ
ਸੜਕਾਂ ਤੇ ਉਤਰਿਆ
ਉਹਦਾ ਪਰਿਵਾਰ ਮੀਆਂ,

ਬਾਣੀ ਗੂੰਜੇ ਬਾਬੇ ਦੀ ਦੋ ਵੇਲੇ
ਹਰ੍ਹੇਭਰੇ ਹੋ ਜਾਵਣ ਉਜਾੜ ਮੀਆਂ ,
ਕੱਟੇ ਰਾਮ ਦੇ ਬਨਵਾਸ,
ਰੋਜ਼ੇ ਮੁਹੰਮਦ ਦੇ
ਹਰ ਧਰਮ ਦਾ ਕਰਦੇ ਸਤਿਕਾਰ
ਮੀਆਂ
ਧਰਤ ਵੰਡੀ ਪਰ ਨਾ ਵੰਡੇ ਗਏ
ਜ਼ਮੀਰ
ਸਾਡਾ ਏਕਾ ਨਾ ਹੋਇਆ ਦੋਫਾੜ
ਮੀਆਂ,
ਤੇਗ ਸ਼ਾਂਤ ਏ ਪਰ ਹੈ ਰੋਹ ਵਿੱਚ
ਤੂੰ ਸਮਝ ਚੁੱਪ ਦਾ ਵਿਹਾਰ ਮੀਆਂ ,
ਜੋਸ਼ ਬੋਲਦੇ ਏ ਜਦ ਜੋਸ਼ੀਲੀ ਜਵਾਨੀ
ਦਾ
ਤੇਗਾਂ ਲਿਸ਼ਕਦੀਆਂ ਬੱਦਲ਼ਾਂ ਤੋਂ ਪਾਰ
ਮੀਆਂ,
ਤੇਰਾ ਹੱਠ ਬੁਰਾ ਤੇ ਸਾਡੇ ਸਬਰ ਪੱਕੇ
ਤੇ ਨਾ ਸਬਰਾਂ ਨੂੰ ਲਲਕਾਰ ਮੀਆਂ,
ਤੇਰੀ ਚੌਧਰ ਦੇ ਚਿੱਟੇ ਸਾਡੇ ਖੇਤੀਂ
ਉੱਗਦੇ
ਲਾ ਸੁੱਟਣੇ ਗਲਿਓ ਪਾੜ ਮੀਆਂ,

ਜਵਾਨੀ ਨਾਗਣੀ ਜਿਉਂ ਬਚਿੱਤਰ
ਸਿਉਂ ਦੀ
ਤੇਰਾ ਹੰਕਾਰ ਲੰਘ ਸਕੂ ਨਾ ਲਿਤਾੜ
ਮੀਆਂ,

ਮੈਲੇ ਕੱਪੜੇ ਤੇ ਭਿੱਜੇ ਨਾਲ ਮੁੜਕੇ
ਤੇ ਮੋਢਿਆਂ 'ਤੇ ਕੌਮ ਦਾ ਭਾਰ ਮੀਆਂ
ਉਮਰ ਵਡੇਰੀ ਤੇ ਬੋਲੇ ਖਾਲਸਾ ਅੰਦਰ
ਹਰ ਕੋਈ ਤਿਆਰ-ਬਰ-ਤਿਆਰ
ਮੀਆਂ,
ਤਪਦੀਆਂ ਸੜਕਾਂ ਤੇ ਚੱਲਦੇ ਪੈਰ
ਨੰਗੇ
ਜਿੰਨਾਂ ਦਾ ਡਲਿਆਂ ਚ ਉੱਤਰੇ ਬੁਖ਼ਾਰ
ਮੀਆਂ,
ਛੱਡ ਨਿਆਣੇ ਰਾਹ ਹੋ ਤੁਰੀਆਂ
ਦਿੱਲੀ ਦੇ

ਰਾਖਾ ਜਿੰਨਾ ਦਾ ਏ ਕਰਤਾਰ ਮੀਆਂ,
ਗੂੰਜ ਖਾਲਸੇ ਦੀ ਦੇ ਜੈਕਾਰਿਆਂ
ਅੰਦਰ
ਮੁੜ ਸੁਣਨੀ ਨਾ ਤੇਰੀ ਪੁਕਾਰ ਮੀਆਂ,
ਧਮਕ ਨਗਾਰੇ ਦੀ ਹਿਲਾਵੇ ਕਿਲੇ ਉੱਚੇ
ਆ ਰਹੇ ਨੇ,
ਹੱਕਾਂ ਦੇ ਪਹਿਰੇਦਾਰ ਮੀਆਂ
ਆ ਰਹੇ ਨੇ,
ਹੱਕਾਂ ਦੇ ਪਹਿਰੇਦਾਰ ਮੀਆਂ ।

**ਜਿੰਦਰ**
**ਮੈਲਬਰਨ, ਆਸਟਰੇਲੀਆ**
**+61426219587**






ਨਜ਼ਮ

## ਹਰਜਿੰਦਰ ਜੌਹਲ



## ਮੈਂ ਪਰਦੇਸੀ ਨਹੀਂ ਰਿਹਾ

ਘਰ ’ਚੋਂ ਜਿਵੇਂ ਤੰਬੂ ਦਿਖਦੈ
ਰਸੋਈ ‘ਚ ਲੰਗਰ ਯਾਦ ਆਉਂਦਾ
ਖਾਣਾ ਬਣਾਉਂਦਿਆਂ ਕਈ ਵਾਰ
ਕੋਈ ਬੀਬੀ ਕੋਲੋਂ ਬੋਲਦੀ।।
ਵੇ ਪੁੱਤ
ਔਹ ਫੁਲਕਾ ਥੱਲੀਂ ਸੜ ਚੱਲਿਆ

ਬੈੱਡ ‘ਤੇ ਪਏ ਦੇ ਸਿਰ ‘ਤੇ
ਟ੍ਰਾਲੀ ਆ ਖੜ੍ਹਦੀ
ਕੰਮ ‘ਤੇ ਵੀ ਕੁਝ ਨਹੀਂ ਸੁੱਝਦਾ
ਨਾਹਰਿਆਂ, ਜੈਕਾਰਿਆਂ ਦੀ ਧੁਨੀ ਤੋਂ
ਬਿਨਾ

ਸਭ ਤੋਂ ਖ਼ਤਰਨਾਕ ਲੱਗਦਾ
ਕੰਮ ਤੇ ਘਰ ਦਾ ਵਿਚਕਾਰਲਾ ਸਫ਼ਰ

ਪੰਜਾਬ ਨੂੰ ਸੁਣਦਾ ਇਤਿਹਾਸ ‘ਚ
ਹੁੰਨਾ

ਕਾਂਬਾ ਛਿੜਦਾ, ਮਨ ਭਰ-ਭਰ
ਆਉਂਦਾ

ਲੋਭੀਆਂ ਨੂੰ ਲਲਕਾਰਦਾ
ਖੇਤ ਯਾਦ ਆਉਂਦਾ ਸਾਰਾ ਦਿਨ
ਪਿੰਡ ਸੋਹਣਾ ਸੋਹਣਾ ਲੱਗੀ ਜਾਂਦਾ

ਸਾਰੇ ਪਿੰਡੇ ‘ਚ ਮੋਰਚਾ ਲੱਗਾ ਪਿਆ
ਮੈਂ ਪਰਦੇਸੀ ਨਹੀਂ ਰਿਹਾ

ਹਰਜਿੰਦਰ ਜੌਹਲ
ਸਿਡਨੀ, ਆਸਟਰੇਲੀਆ
+61 415 802 503



## ਨਜ਼ਮ

## ਮੋਹਣ ਸਿੰਘ ਮਲਹਾਂਸ



ਜਿੱਤ 'ਚ
ਯਕੀਨ ਰੱਖਣ ਵਾਲਿਆਂ ਲਈ
ਹੱਥਾਂ 'ਚ
ਫੜਿਆ ਝੰਡਾ ਮਹਿਜ
ਕੱਪੜੇ ਦਾ ਟੁਕੜਾ ਨਹੀਂ ਹੁੰਦਾ
ਇਸ 'ਚ
ਸਮੋਇਆ ਹੁੰਦਾ
ਅਥਾਹ ਜੋਸ਼, ਜਜ਼ਬਾ,
ਨਿਸਚਾ,
ਫਤਿਹ ਦਾ ਨਿਸ਼ਾਨਾ,
ਇਸ ਨੂੰ ਬੁਲੰਦ ਰੱਖਣ ਲਈ
ਬੜਾ ਵੱਡਾ ਮੁੱਲ ਤਾਰਨਾ ਪੈਂਦਾ
ਉਹਨਾਂ ਨੂੰ

ਮੇਰੀ
ਜੀਵਣ ਸਾਥਣ ਦੀ ਸੋਚ
ਕਿਸਾਨੀ ਸੰਘਰਸ਼
ਸ਼ੁਰੂ ਹੋਣ ਦੇ ਦਿਨ ਤੋਂ ਹੀ
ਹਰੇ ਰੰਗ ਦੇ ਕੱਪੜੇ 'ਚ
ਅਟਕੀ ਹੋਈ ਆ
ਪ੍ਰਦੇਸ 'ਚ
ਬਜਾਜੀ ਦੀਆਂ ਦੁਕਾਨਾਂ
ਆਪਣੇ ਦੇਸ ਵਾਂਗ ਥੋੜ੍ਹਾ ਨੇ

ਉਹਦਾ ਮਨ ਹਰੇ ਝੰਡੇ ਨੂੰ
ਹੋਂਦ 'ਚ ਲਿਆਉਣ ਲਈ
ਕਾਹਲਾ ਪੈ ਰਿਹਾ
ਕੱਲ੍ਹ
ਕੌਫੀ ਟੇਬਲ ਦੁਆਲੇ ਬੈਠਿਆਂ
ਬੱਚਿਆਂ ਨੂੰ ਆਖ ਰਹੀ ਸੀ
ਮੈਂ ਤੇਰੇ ਪਾਪਾ ਦੀ ਹਰੇ ਰੰਗ
ਦੀ ਪੱਗ 'ਚੋਂ
ਕਿਸਾਨਾਂ ਦੀ ਰੂਹ ਦਾ ਝੰਡਾ
ਬਣਾ ਕੇ ਲਹਿਰਾ ਦੇਣਾ,
ਤੇ ਫਿਰ ਏਸ
ਝੰਡੇ ਨਾਲ ਖਹਿ ਕੇ ਲੰਘਣ
ਵਾਲੀਆਂ ਹਵਾਵਾਂ
ਆਪਣੇ ਦੇਸ ਦੇ
ਕਿਸਾਨਾਂ ,ਮਜ਼ਦੂਰਾਂ ਦੇ
ਅੱਲ੍ਹੇ ਜ਼ਖ਼ਮਾਂ ਨੂੰ ਛੋਹ ਕੇ
ਅਰਾਮ ਦੇਣਗੀਆਂ।

ਜਦ ਸੋਚ
ਕਿਸਾਨੀ ਸੰਘਰਸ਼ ਦੇ ਝੰਡਿਆਂ ਨੂੰ
ਪੱਗਾਂ ਦੇ ਕੱਪੜਿਆਂ
'ਚੋਂ ਜਨਮ ਦੇਣ ਤੱਕ ਚਲੀ ਜਾਵੇ
ਤਾਂ ਮੈਨੂੰ
ਨਿਸਚੈ ਕਰ ਆਪਣੀ ਜੀਤ ਕਰੂੰ
ਦਾ ਸੰਕਲਪ
ਹਕੀਕਤ 'ਚ ਤਬਦੀਲ ਹੁੰਦਾ ਜਾਪ
ਰਿਹਾ ।

**ਮੋਹਣ ਸਿੰਘ ਮਲਹਾਂਸ**
**ਐਡੀਲੇਡ, ਆਸਟਰੇਲੀਆ**

## ਨਜ਼ਮ

## ਆਤਮਾ ਹੇਅਰ (ਕਾਲਾ)



### 1

ਗੱਭਰੂ ਪੰਜਾਬੀਆਂ ਨੇ ਦਿੱਲੀ ਘੇਰ
ਲਈ,
ਜਿਹੜੀ ਜਾਂਦੀ ਸੀ ਚਿੰਜੜੀਆਂ ਛੇੜੀ।
ਨੀਂਦ ਦੀਆ ਗੋਲੀਆਂ ਖਾਣ ਲਗ ਪਏ
ਜਿਹੜੇ ਸਾਨੂੰ ਕਹਿੰਦੇ ਸੀ ਨਸ਼ੇੜੀ।
ਗੱਭਰੂ ਪੰਜਾਬੀਆਂ ਨੇ
ਮੁੜਦੇ ਨਹੀਂ ਖਾਲੀ ਹੱਕ ਲੈਕੇ ਜਾਵਾਂਗੇ।
ਜ਼ੁਲਮਾ ਦੀ ਕੰਧ ਨਾਲ ਖਹਿਕੇ ਜਾਵਾਂਗੇ।
ਇੱਟ ਕੱਲੀ ਕੱਲੀ ਜਾਵਾਗੇ ਉਖੇੜੀ,
ਗੱਭਰੂ ਪੰਜਾਬੀਂਆ ਨੇ
ਘੜਦੇ ਸਕੀਮਾ ਸਾਡੀ ਹੋਂਦ ਮਿਟਾਉਣ
ਨੂੰ।
ਸਾਡੀਆਂ ਜ਼ਮੀਨਾਂ ਉਤੇ ਪੈਰ ਟਿਕਾਉਣ
ਨੂੰ।
ਜਿਹੜੇ ਲਾਉਂਦੇ ਸੀ ਚਾਹ ਵਾਲੀ
ਰੇਹੜੀ,
ਗੱਭਰੂ ਪੰਜਾਬੀਆਂ ਨੇ
ਤਪਦੇ ਲਹੂਆ ਨੂੰ ਠੰਡੇ ਪਾਣੀ ਨਹੀਂ
ਠਾਰਦੇ।
ਸੂਰਮੇ ਗੁਲਾਮੀ 'ਕਾਲੇ' ਕਦੇ ਨਹੀਂ
ਸਹਾਰਦੇ !
ਮੁੱਕਾ ਚੱਕਾਂਗੇ ਜੇ ਗਲ ਨਾ ਨਬੇੜੀ ,
ਗੱਭਰੂ ਪੰਜਾਬੀਆਂ ਨੇ

### 2

ਅਸੀ ਜਿੱਤਕੇ ਆਵਾਂਗੇ,
ਜਾ ਮਰਕੇ ਆਵਾਂਗੇ ।
ਅਸੀਂ ਖ਼ਾਲੀ ਨਹੀਂ ਮੁੜਦੇ,
ਕੁਝ ਕਰਕੇ ਆਵਾਂਗੇ।

ਆਪਣਿਆ ਹੱਕਾਂ ਲਈ, ਰੋਂਦੇ
ਕੁਰਲਾਉਂਦੇ ਆ,
ਤੁਸੀ ਸੋਂਦੇ ਹੋਟਲਾਂ 'ਚ, ਅਸੀਂ ਸੜਕਾਂ
ਤੇ ਸੌਂਦੇ ਆ।
ਇਤਿਆਸ ਦੇ ਪੰਨਿਆ ਵਿਚ,
ਨਾ ਭਰਕੇ ਆਵਾਗੇ,
ਅਸੀ ਖਾਲੀ ਨਹੀਂ

ਜੇ ਖੇਤ ਗੁਆ ਬੈਠੇ,
ਨਸਲਾਂ ਕੀ ਖਾਣਗੀਆਂ ।
ਤੱਕ ਮਿੱਟੀ ਰੋਂਦੀ ਨੂੰ,
ਫ਼ਸਲਾਂ ਮਰ ਜਾਣਗੀਆਂ ।
ਦਿੱਲੀ ਦੀ ਹਿੱਕ ਉੱਤੇ,
ਗੋਡਾ ਧਰਕੇ ਆਵਾਂਗੇ ,
ਅਸੀਂ ਖ਼ਾਲੀ ਨਹੀਂ

ਇਕ ਠੰਡ ਹੈ ਕਹਿਰਾਂ ਦੀ, ਉੱਤੋਂ ਹੈ
ਮੀਂਹ ਪੈਂਦਾ ।
ਲੱਗਦਾ ਰੱਬ ਕੋਈ,
ਸਾਡਾ ਇਮਤਿਹਾਨ ਲਈਦਾ ।
ਹੇਰਾ ਦੇ ਕਾਲੇ, ਹਰ ਦੁੱਖ ਤਨ 'ਤੇ
ਜਰਕੇ ਆਵਾਗੇ,
ਅਸੀਂ ਖਾਲੀ ਨਹੀਂ

ਆਤਮਾ ਹੇਅਰ (ਕਾਲਾ)
ਬ੍ਰਿਸਬੇਨ, ਆਸਟਰੇਲੀਆ
+61434298680

## ਗੀਤ

ਸੁਰਜੀਤ ਸੰਧੂ



### ਪੁੱਤ ਦਸਮੇਸ਼ ਦੇ

ਨਾ ਖ਼ਰਚੇ ਦਾ ਡਰ ਤੇ ਨਾ ਪਰਚੇ ਦਾ
ਡਰ,
ਨਾ ਪੈਰਾਂ ਵਿੱਚ ਖੁਭ ਜਾਏ ਕਰਚੇ ਦਾ
ਡਰ,
ਅਸੀਂ ਨੰਗੇ ਪੈਰਾਂ ਥੱਲੇ ਨੱਪ ਨੱਪ ਕੇ,
ਕਈ-ਕਈ ਜ਼ਹਿਰੀ ਸੱਪ ਮਾਰੇ
ਦਿੱਲੀਏ,
ਅਸੀਂ ਪੁੱਤ ਦਸਮੇਸ਼ ਦੇ ਤੂੰ ਭੁੱਲੀਂ
ਨਾ, ਸ਼ੇਰ ਦੁਨੀਆਂ 'ਚ ਕਹਿਣ ਸਾਨੂੰ
ਸਾਰੇ ਦਿੱਲੀਏ।

ਸਵਾ ਲੱਖ 'ਨ ਦਿਖਾਏ ਕੱਲ੍ਹਾ ਲੜਕੇ,
ਸੀਸ ਤਲੀ ਤੇ ਟਿਕਾਏ ਖੰਡਾ ਫੜਕੇ,
ਕਦੇ ਸਿਦਕੋਂ ਰਤਾ ਵੀ ਘਬਰਾਏ ਨਾ,
ਹਰ ਸਾਹ ਤੱਕ ਲਾਉਂਦੇ ਹਾਂ ਜੈਕਾਰੇ
ਦਿੱਲੀਏ,
ਅਸੀਂ ਪੁੱਤ ਦਸਮੇਸ਼ ਦੇ ਤੂੰ ਭੁੱਲੀਂ
ਨਾ,
ਹੱਕ ਆਪਣਾ ਕਦੇ ਨੀ ਕਿਤੇ
ਛੱਡਿਆ,
ਝੰਡਾ ਜੰਗ ਦੇ ਮੈਦਾਨ ਸਦਾ ਗੱਡਿਆ,
ਜਦੋਂ ਵਰੀਏ ਵੈਰੀ ਨੂੰ ਸੋਚੀਂ ਪਾ
ਦਈਏ,
ਢਹਿ ਢੇਰੀ ਹੋਣ ਸਭ ਹੰਕਾਰੇ ਦੱਲੀਏ,
ਅਸੀਂ ਪੁੱਤ ਦਸਮੇਸ਼ ਦੇ ਤੂੰ ਭੁੱਲੀ
ਨਾ,

ਖੇਤ ਫ਼ਸਲਾਂ ਹੈ ਸਾਡੀ ਜ਼ਿੰਦ ਜਾਨ
ਨੀ,
ਸਾਰਾ ਜੱਗ ਕਹੇ ਕਿਰਤੀ ਕਿਸਾਨ
ਨੀ,
ਬਹੁਤੀ ਦੇਰ ਸੁਰਜੀਤ ਸੰਧੂ ਕਹੇ ਨੀ,
ਨਹੀਂਓ ਚੱਲਣੇ ਨੇ ਤੇਰੇ ਝੂਠੇ ਲਾਰੇ
ਦਿੱਲੀਏ,
ਅਸੀਂ ਪੁੱਤ ਦਸਮੇਸ਼ ਦੇ ਤੂੰ ਭੁੱਲੀ
ਨਾ,
ਸ਼ੇਰ ਦੁਨੀਆਂ 'ਚ ਕਹਿਣ ਸਾਨੂੰ ਸਾਰੇ
ਦਿੱਲੀਏ।

ਸੁਰਜੀਤ ਸੰਧੂ
ਬ੍ਰਿਸਬੇਨ, ਆਸਟਰੇਲੀਆ
+61478706479

## ਨਜ਼ਮ

## ਕੁਲਜੀਤ ਕੌਰ ਗ਼ਜ਼ਲ



## ਤੂੰ ਦਿੱਲੀ ਵਾਂਗੂੰ ਜਬਰ ਕਰੇਂ

ਤੂੰ ਦਿੱਲੀ ਵਾਂਗੂੰ ਜਬਰ ਕਰੇਂ,
ਮੈਂ ਪੰਜਾਬ ਦੇ ਵਾਂਗੂੰ ਸਬਰ ਕਰਾਂ ।
ਤੇਰਾ ਜਬਰ ਵਧੇ, ਮੇਰਾ ਸਬਰ ਵਧੇ,
ਤੂੰ ਡਰਾਵੇ ਬੜਾ, ਮੈਂ ਨਾ ਤੈਥੋਂ ਡਰਾਂ ।
ਤੇਰੇ ਸ਼ਹਿਰ 'ਚ ਕਹਿਰ ਦੀ ਨਹਿਰ
ਵਗੇ,
ਕਿਤੇ ਪੱਗ ਬਲੇ, ਕਿਤੇ ਪੱਤ ਰੁਲੇ
ਇੱਜਤ ਲੀਰਾਂ, ਰੋਂਦੀਆਂ ਹੀਰਾਂ,
ਮੁਰਦ ਜਮੀਰਾਂ,
ਬੇਪਰਦ ਸਰੀਰਾਂ ਨੂੰ ਕਿੰਝ ਜਰਾਂ ?
ਮਾਣ ਬੜਾ ਹੈ ਦੋਹਾਂ ਨੂੰ ਆਪਣੀ ਹੋਂਦ
'ਤੇ,
ਤੇਰੀ ਤਲਵਾਰ, ਮੇਰੀ ਦਸਤਾਰ ਨੂੰ,
ਤੂੰ ਰੁਕਣਾ ਨਹੀਂ 'ਤੇ ਮੈਂ ਝੁਕਣਾ
ਨਹੀਂ,
ਤੂੰ ਵੀ ਮਨ ਦੀ ਪੁਗਾ, ਮੈਂ ਵੀ ਦਿਲ
ਦੀ ਕਰਾਂ।
ਤੂੰ ਜਿੱਤਣਾ ਨਹੀਂ, 'ਤੇ ਮੈਂ ਹਰਨਾ
ਨਹੀਂ,
ਮੈਂ ਤੇਰਾ ਪਾਣੀ ਭਰਨਾ ਨਹੀਂ,
ਤੂੰ ਜਿੱਡਾ ਤਗੜਾ ਵਾਰ ਕਰੇਂ,
ਮੈਂ ਓਡੇ ਜਿਗਰੇ ਨਾਲ ਜਰਾਂ।
ਤੂੰ ਦਿੱਲੀ ਵਾਂਗੂੰ ਜਬਰ ਕਰੇਂ,
ਮੈਂ ਪੰਜਾਬ ਦੇ ਵਾਂਗੂੰ ਸਬਰ ਕਰਾਂ ।

**ਕੁਲਜੀਤ ਕੌਰ ਗ਼ਜ਼ਲ**
**ਵਿਕਟੋਰੀਆ, ਆਸਟਰੇਲੀਆ**
**punjabiheart@yahoo.com.au**



## ਨਜ਼ਮ

## ਤਰਨਦੀਪ ਬਿਲਾਸਪੁਰ



### .ਗਜ਼ਲ

ਪਿੰਡਾਂ ਵਿੱਚੋਂ ਤੁਰ ਪਏ ਜੋ ਪੁੱਤ ਸੀ
ਕਿਸਾਨ ਦੇ
ਤੋਲ ਲਏ ਨੇ ਪੱਲੜੇ ਇਹਨਾਂ ਨੇ
ਈਮਾਨ ਦੇ ।

ਦਿੱਲੀ ਦੇ ਤਾਂ ਰਾਹ ਵਿੱਚ ਸਦਾ ਹੀ
ਅੜਿੱਕੇ ਸੀ
ਯੋਧਿਆਂ ਨੇ ਸਦਾ ਹੀ ਅੜਿੱਕੇ ਇਹ
ਮੜਿੱਕੇ ਸੀ ।

ਜਰੂਰੀ ਨਹੀਂ ਕਿ ਅਸਾਂ ਸੰਗ ਕਾਫਿਲੇ
ਦੇ ਤੁਰਨਾ
ਬਣ ਜਾਣੇ ਕਾਫ਼ਲੇ ਜਦੋਂ ਲਾ ਕੇ ਸੰਗ
ਤੁਰਨਾ ।

ਬੇਬੇ ਵੀ ਹੈ ਕਹਿੰਦੀ ਪੁੱਤ ਬਣ ਜਾ
ਦਲੇਰ ਜਾ
ਗੋਬਿੰਦ ਦੇ ਪੁੱਤਰਾਂ ਦੇ ਵਾਂਗ ਤੂੰ ਹੁਣ
ਸ਼ੇਰ ਜਾ ।

ਨਾਲੇ ਮੈਨੂੰ ਦੱਸਦੀ ਉਹ ਬਾਬੇ ਬੰਦੇ ਦੀ
ਬਹਾਦਰੀ
ਤੋੜਨੇ ਹੰਕਾਰ ਜਿਹਨਾਂ ਕੀਤੀ ਆ
ਨਿਰਾਦਰੀ ।

ਭਾਈ ਘਨੱਈਏ ਦਾ ਵੀ ਅਸਾਂ
ਰੱਖਣਾ ਖਿਆਲ ਹੈ
ਝੋਲੇ ਵਿੱਚ ਪਾ ਲਈਆਂ ਤਹੀਉਂ
ਮੱਲਮਾਂ ਸੰਭਾਲ ਹੈ ।

ਭਗਤ ਸਰਾਭੇ ਮੈਨੂੰ ਜਾਪਦੇ ਉਹ ਮੇਰੇ
ਨਾਲ ਨੇ
ਗਦਰੀ ਮੇਰੇ ਬਾਬਿਆਂ ਦੇ ਮਨ ‘ਚ
ਖਿਆਲ ਨੇ ।

ਧਿਆਨ ਸਿੰਘ ਡੋਗਰੇ ਦਾ ਇਤਿਹਾਸ
ਪੜ ਰੱਖਿਆ
ਇਸੇ ਲਈ ਐਂਤਕੀ ਹੱਥ ਝੰਡਾ
ਫੜ ਰੱਖਿਆ ।

ਸਮਝੌਤੇ ਨਾਲੋਂ ਸਬਰ ਭਰੋਸੇ ਦੀ ਹੁਣ
ਗੱਲ ਹੈ
ਲੰਬੀ ਹੈ ਲੜਾਈ ਜਿਹਨੇਂ ਕਰਨਾ
ਪੱਕਾ ਹੱਲ ਹੈ ।

ਤਰਨਦੀਪ ਬਿਲਾਸਪੁਰ
ਆਕਲੈਂਡ, ਨਿਊਜ਼ੀਲੈਂਡ
+64220491964

# ਚੁੱਲ੍ਹਾ ਚੌਂਕਾ ਛੱਡ ਕੇ ਆਈਆਂ ਪੰਜਾਬਣਾਂ



80 ਸਾਲਾ ਪੰਜਾਬਣ ਮਹਿੰਦਰ ਕੌਰ













ਪਰਵਾਸੀ ਸਾਹਿਤ ਅਧਿਅਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ